ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !! ਚੜ੍ਹਦੀਕਲਾ ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਬੀਤੀ ਅੱਧੀ ਸਦੀ ਤੋਂ ਧ੍ਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇਕ ਸ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ਼
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ
ਰਾਜਨੀਤਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਸਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰੀ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

charhdikala@gmail.com chardikla.hr@gmail.com

Postal Regd No. PKL-234/2024-26

(ਕੁੱਲ ਸਫ਼ੇ 8 Pages 8)

ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ' | ਸੰਪਾਦਕ : ਡਾ. ਕੇ.ਕੇ. ਸੰਧੂ | ਪ੍ਰਬੰਧਕੀ ਸੰਪਾਦਕ : ਦੀਪਕ ਜੈਦਕਾ

ਸਾਲ (Year) 8, ਅੰਕ ਨੰਬਰ (Volume No.) 249 PRGI (RNI) Regd No. HARPUN/2017/74226 ਫੋਨ ਨੰ: 94164-06615, 74042-78000 DAILY CHARHDIKALA, KARNAL Tuesday 9 September, 2025) ਮੰਗਲਵਾਰ 9 ਸਤੰਬਰ 2025 ਮੁੱਲ 2.00 ਰੁਪਏ

www.timetv.news
Chardikla Time TV
CHARDIKLA TIME TV
24x7 Infotainment Channel
ਚੜ੍ਹਦੀਕਲਾ ਟਾਇਮ ਟੀ.ਵੀ.
Daily Live From Gurdwara Sri Bangla Sahib Ji New Delhi
TATA PLAY Channel no. 1945
Channel no. 340
Channel no. 779
airtel Channel no. 557
dishtv Channel no. 1152
Channel no. 581
Jio TV and all cable cable networks in India

## ਜੰਮੂ-ਕਸ਼ਮੀਰ ਅਤੇ ਪੰਜਾਬ ਤੋਂ ਬਾਅਦ ਹਿਮਾਚਲ ਨੂੰ ਵੀ ਹਰਿਆਣਾ ਸਰਕਾਰ ਨੇ ਭੇਜੇ ਪੰਜ ਕਰੋੜ ਰੁਪਏ

### ਮੁਸੀਬਤ ਦੀ ਘੱੜੀ ਵਿੱਚ ਹਰਿਆਣਾ ਸਰਕਾਰ ਜਨਤਾ ਦੇ ਨਾਲ ਮੋਢੇ ਤੋਂ ਮੋਢੇ ਮਿਲਾ ਕੇ ਖੜੀ-ਮੁੱਖ ਮੰਤਰੀ



ਪੰਚਕੂਲਾ 8 ਸਤੰਬਰ (ਚ.ਨ.ਸ.) ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਾਲ ਹੀ ਵਿੱਚ ਸੂਬਾ ਸਰਕਾਰ ਵੱਲੋਂ ਜੰਮੂ-ਕਸ਼ਮੀਰ ਅਤੇ ਪੰਜਾਬ ਵਿੱਚ ਹੱੜ ਪੀੜਤਾਂ ਨੂੰ ਰਾਹਤ ਲਈ 5-5 ਕਰੋੜ ਰੁਪਏ ਦੀ ਆਰਥਿਕ ਮਦਦ ਪ੍ਰਦਾਨ ਕੀਤੀ ਗਈ ਸੀ। ਇਸੇ ਲੜੀ ਵਿੱਚ ਅੱਜ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਬਰਸਾਤ ਅਤੇ ਹੱੜ ਨਾਲ ਹੋਏ ਨੁਕਸਾਨ ਨੂੰ ਵੇਖਦੇ ਹੋਏ ਹਰਿਆਣਾ ਸਰਕਾਰ ਵੱਲੋਂ 5 ਕਰੋੜ ਰੁਪਏ ਦੀ ਮਦਦ ਰਕਮ ਹਿਮਾਚਲ ਪ੍ਰਦੇਸ਼ ਮੁੱਖ ਮੰਤਰੀ ਰਾਹਤ ਫੰਡ ਵਿੱਚ ਭੇਜੀ ਗਈ ਹੈ।

ਮੁੱਖ ਮੰਤਰੀ ਨੇ ਇਹ ਗੱਲ ਅੱਜ ਕੈਬੀਨੇਟ ਦੀ ਅਨੌਪਚਾਰਿਕ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਕਹੀ। ਉਨ੍ਹਾਂ ਨੇ ਦੱਸਿਆ ਕਿ ਸਾਰੇ ਮੰਤਰੀ, ਪਾਰਟੀ ਦੇ ਵਿਧਾਇਕਾਂ ਅਤੇ ਸਮਰਥਿਤ ਵਿਧਾਇਕਾਂ ਨਾਲ ਇੱਕ ਮਹੀਨੇ ਦੀ ਤਨਖ਼ਾਹ ਮੁੱਖ ਮੰਤਰੀ ਰਾਹਤ ਫੰਡ ਵਿੱਚ ਦੇਣ ਦੀ ਅਪੀਲ ਕੀਤੀ ਗਈ ਤਾਂ ਜੋ ਬਚਾਓ ਅਤੇ ਪੁਨਰਵਾਸ ਕੰਮਾਂ ਨੂੰ ਗਤੀ ਪ੍ਰਦਾਨ ਕਰਦੇ ਹੋਏ ਪਰਿਵਾਰਾਂ ਨੂੰ ਤੁਰੰਤ ਰਾਹਤ ਪ੍ਰਦਾਨ ਕੀਤੀ ਜਾ ਸਕੇ।

ਇਸ ਦੇ ਨਾਲ ਨਾਲ ਹਰਿਆਣਾ ਸੂਬੇ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੀ ਇੱਛਾ ਅਨੁਸਾਰ ਮੁੱਖ ਮੰਤਰੀ ਰਾਹਤ ਫੰਡ ਵਿੱਚ ਮਦਦ ਕਰਨ।

ਨਾਲ ਹੀ ਸਮਾਜਿਕ ਸੰਗਠਨਾਂ ਅਤੇ ਉਦਯੋਗਿਕ ਅਦਾਰਿਆਂ ਨੂੰ ਵੀ ਮਦਦ ਦੀ ਅਪੀਲ ਕੀਤੀ ਗਈ ਹੈ ਤਾਂ ਜੋ ਪ੍ਰਭਾਵਿਤ ਲੋਕਾਂ ਤੱਕ ਸਮੇਂ ਸਿਰ ਮਦਦ ਪਹੁੰਚਾਈ ਜਾ ਸਕੇ।

ਵਿਪੱਖ ਨਾਲ ਰਾਹਤ ਫੰਡ ਵਿੱਚ ਯੋਗਦਾਨ ਦੇਣ ਸਬੰਧੀ ਅਪੀਲ ਨੂੰ ਲੈ ਕੇ ਪੁੱਛੇ ਗਏ ਇੱਕ ਸੁਆਲ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਰਾਹਤ ਫੰਡ ਸਾਰਿਆਂ ਲਈ ਖੁਲਾ ਹੈ ਅਤੇ ਕੋਈ ਵੀ ਵਿਅਕਤੀ ਆਪਣੀ ਇੱਛਾ ਅਨੁਸਾਰ ਯੋਗਦਾਨ ਕਰ ਸਕਦਾ ਹੈ।

ਪੰਜਾਬ ਵਿੱਚ ਕਲ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਪ੍ਰਤਾਵਿਤ ਦੌਰੇ ਨਾਲ ਸਬੰਧ ਵਿੱਚ ਪੁੱਛੇ ਗਏ ਸੁਆਲ 'ਤੇ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਆਂਢੀ ਧਰਮ ਨਿਭਾਉਣਾ ਸਾਡਾ ਫਰਜ਼ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨਾਲ ਮਿਲ ਕੇ ਉਨ੍ਹਾਂ ਦੀ ਸਿਹਤ ਬਾਰੇ ਪੁੱਛਿਆ ਅਤੇ ਪੰਜਾਬ 'ਤੇ ਆਈ ਕੁਦਰਤੀ ਆਪਦਾ ਬਾਰੇ ਵੀ ਜਾਣਕਾਰੀ ਲਈ। ਸ੍ਰੀ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਅਤੇ ਪਾਰਟੀ ਵੱਲੋਂ ਪੰਜਾਬ ਨੂੰ ਲਗਾਤਾਰ ਮਦਦ ਅਤੇ ਰਾਹਤ ਸਾਮਾਨ ਭੇਜਿਆ ਜਾ ਰਿਹਾ ਹੈ ਅਤੇ ਨਾਲ ਹੀ ਹੋਰ ਮਦਦ ਦੀ ਲੋੜ ਲਈ ਵੀ ਕਿਹਾ ਹੈ। ਉਨ੍ਹਾਂ ਨੇ ਕਿ ਪੰਜਾਬ ਸਾਡਾ ਭਰਾ ਹੈ ਅਤੇ ਹਰਿਆਣਾ ਸਰਕਾਰ ਪੂਰੀ ਤਰ੍ਹਾਂ ਨਾਲ ਪੰਜਾਬ ਨਾਲ ਖਲੋਤੀ ਹੈ।



## ਉਪ-ਰਾਸ਼ਟਰਪਤੀ ਦੀ ਚੋਣ ਅੱਜ, ਰਾਧਾਕ੍ਰਿਸ਼ਨਨ ਅਤੇ ਸੁਦਰਸ਼ਨ ਰੈੱਡੀ ਦਰਮਿਆਨ ਸਿੱਧਾ ਮੁਕਾਬਲਾ

**ਵੋਟਾਂ ਦੀ ਗਿਣਤੀ ਸ਼ਾਮ 6 ਵਜੇ ਸ਼ੁਰੂ ਹੋਵੇਗੀ ਅਤੇ ਨਤੀਜਿਆਂ ਦਾ ਐਲਾਨ ਦੇਰ ਸ਼ਾਮ ਕੀਤਾ ਜਾਵੇਗਾ। ਉਪ-ਰਾਸ਼ਟਰਪਤੀ ਚੋਣਾਂ ਵਿੱਚ ਸੰਸਦ ਮੈਂਬਰ ਗੁਪਤ ਬੈਲਟ ਪ੍ਰਣਾਲੀ ਦੇ ਤਹਿਤ ਵੋਟ ਪਾਉਣ ਲਈ ਪਾਰਟੀ ਵ੍ਹਿਪਾਂ ਨਾਲ ਬੱਝੇ ਹੋਏ ਨਹੀਂ**

ਨਵੀਂ ਦਿੱਲੀ 8 ਸਤੰਬਰ (ਹਰਸਿਮਰਨ ਸਿੰਘ) ਉਪ-ਰਾਸ਼ਟਰਪਤੀ ਦੀ ਭਲਕੇ ਹੋਣ ਵਾਲੀ ਚੋਣ ਲਈ ਸੱਤਾਧਾਰੀ ਐਨਡੀਏ ਦੇ ਉਮੀਦਵਾਰ ਸੀਪੀ ਰਾਧਾਕ੍ਰਿਸ਼ਨਨ ਅਤੇ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਬੀ. ਸੁਦਰਸ਼ਨ ਰੈੱਡੀ ਵਿਚਕਾਰ ਸਿੱਧੇ ਮੁਕਾਬਲੇ ਲਈ ਮੰਚ ਤਿਆਰ ਹੈ। ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੇ ਗਠਜੋੜ ਦਾ ਸਪੱਸ਼ਟ ਤੌਰ 'ਤੇ ਪਲੜਾ ਭਾਰੀ ਹੈ।

ਮੰਗਲਵਾਰ ਨੂੰ ਸੰਸਦ ਦੇ ਦੋਵਾਂ ਸਦਨਾਂ ਦੇ ਮੈਂਬਰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਸੰਸਦ ਭਵਨ ਵਿੱਚ ਆਪਣੀ ਵੋਟ ਪਾਉਣਗੇ। ਵੋਟਾਂ ਦੀ ਗਿਣਤੀ ਸ਼ਾਮ 6 ਵਜੇ ਸ਼ੁਰੂ ਹੋਵੇਗੀ ਅਤੇ ਨਤੀਜਿਆਂ ਦਾ ਐਲਾਨ ਦੇਰ ਸ਼ਾਮ ਕੀਤਾ ਜਾਵੇਗਾ। ਉਪ-ਰਾਸ਼ਟਰਪਤੀ ਚੋਣਾਂ ਵਿੱਚ ਸੰਸਦ ਮੈਂਬਰ ਗੁਪਤ ਬੈਲਟ ਪ੍ਰਣਾਲੀ ਦੇ ਤਹਿਤ ਵੋਟ ਪਾਉਣ ਲਈ ਪਾਰਟੀ ਵ੍ਹਿਪਾਂ ਨਾਲ ਬੱਝੇ ਹੋਏ ਨਹੀਂ ਹੁੰਦੇ। ਭਾਜਪਾ ਦੀ ਅਗਵਾਈ ਵਾਲੇ ਐਨਡੀਏ ਅਤੇ ਕਾਂਗਰਸ ਦੀ ਅਗਵਾਈ ਵਾਲੇ ਵਿਰੋਧੀ ਧਿਰ ਦੇ ਗਰੁੱਪਾਂ ਨੇ ਚੋਣ ਪ੍ਰਕਿਰਿਆ ਬਾਰੇ ਆਪਣੇ-ਆਪਣੇ ਸੰਸਦ ਮੈਂਬਰਾਂ ਨੂੰ ਜਾਗਰੂਕ ਕਰਨ ਲਈ ਵੱਖ-ਵੱਖ ਮੀਟਿੰਗਾਂ ਕੀਤੀਆਂ ਅਤੇ ਮੌਕ ਪੋਲਿੰਗ ਕਰਵਾਈ। ਸੰਸਦ ਮੈਂਬਰਾਂ ਨੂੰ ਬੈਲਟ ਪੇਪਰ ਦਿੱਤੇ ਜਾਣਗੇ ਜਿਨ੍ਹਾਂ ਵਿੱਚ ਦੋਵੇਂ ਉਮੀਦਵਾਰਾਂ ਦੇ ਨਾਮ ਹੋਣਗੇ ਅਤੇ ਉਨ੍ਹਾਂ ਨੂੰ ਆਪਣੀ ਪਸੰਦ ਦੇ ਉਮੀਦਵਾਰ ਦੇ ਨਾਮ ਅੱਗੇ '1' ਦਾ ਅੰਕ ਲਿਖ ਕੇ ਆਪਣੀ ਤਰਜੀਹ ਦਰਸਾਉਣੀ ਹੋਵੇਗੀ।

ਉਪ-ਰਾਸ਼ਟਰਪਤੀ ਚੋਣਾਂ ਦੇ ਨਿਯਮਾਂ ਵਿੱਚ ਕਿਹਾ ਗਿਆ ਹੈ, "ਅੰਕਾਂ ਨੂੰ ਭਾਰਤੀ ਅੰਕਾਂ ਦੇ ਕੌਮਾਂਤਰੀ ਰੂਪ ਵਿੱਚ ਜਾਂ ਰੋਮਨ ਰੂਪ ਵਿੱਚ ਜਾਂ ਕਿਸੇ ਵੀ ਭਾਰਤੀ ਭਾਸ਼ਾ ਵਿੱਚ ਵਰਤੇ ਗਏ ਰੂਪ ਵਿੱਚ ਚਿੰਨ੍ਹਿਤ ਕੀਤਾ ਜਾ ਸਕਦਾ ਹੈ, ਪਰ ਸ਼ਬਦਾਂ ਵਿੱਚ ਨਹੀਂ ਦੱਸਿਆ ਜਾਣਾ ਚਾਹੀਦਾ।"

ਉਪ-ਰਾਸ਼ਟਰਪਤੀ ਚੋਣ ਲਈ ਰਾਜ ਸਭਾ ਤੋਂ 245 ਅਤੇ ਲੋਕ ਸਭਾ ਤੋਂ 543 ਸਮੇਤ ਕੁੱਲ 788 ਮੈਂਬਰ ਵੋਟ ਪਾਉਣਦ ਯੋਗ ਹਨ ਸ਼ਾਮਲ ਹਨ। ਰਾਜ ਸਭਾ ਦੇ 12 ਨਾਮਜ਼ਦ ਮੈਂਬਰ ਵੀ ਚੋਣ ਵਿੱਚ ਵੋਟ ਪਾਉਣ ਦੇ ਯੋਗ ਹਨ।

ਚੋਣਕਾਰ ਮੰਡਲ ਦੀ ਮੌਜੂਦਾ ਤਾਕਤ 781 ਹੈ ਕਿਉਂਕਿ ਰਾਜ ਸਭਾ ਵਿੱਚ ਛੇ ਸੀਟਾਂ ਅਤੇ ਲੋਕ ਸਭਾ ਵਿੱਚ ਇੱਕ ਸੀਟ ਖਾਲੀ ਹੈ। ਇਸ ਨਾਲ ਬਹੁਮਤ ਦਾ ਅੰਕੜਾ 391 ਬਣਦਾ ਹੈ। ਐਨਡੀਏ ਕੋਲ 425 ਸੰਸਦ ਮੈਂਬਰ ਹਨ, ਜਦੋਂ ਕਿ ਵਿਰੋਧੀ ਖੇਮੇ ਕੋਲ 324 ਦਾ ਸਮਰਥਨ ਹੈ।

## ਨੇਪਾਲ : ਸੋਸ਼ਲ ਮੀਡੀਆ 'ਤੇ ਪਾਬੰਦੀ ਖ਼ਿਲਾਫ਼ ਪ੍ਰਦਰਸ਼ਨ ਦੌਰਾਨ ਝੜਪ ; 14 ਮੌਤਾਂ

### ਪੁਲੀਸ ਤੇ ਪ੍ਰਦਰਸ਼ਨਕਾਰੀ ਨੌਜਵਾਨਾਂ ਵਿਚਾਲੇ ਝੜਪ; ਸਥਿਤੀ ਨੂੰ ਕਾਬੂ ਕਰਨ ਲਈ ਫੌਜ ਤਾਇਨਾਤ



**➢ ਫ਼ੌਜੀ ਅਧਿਕਾਰੀਆਂ ਨੇ ਦੱਸਿਆ ਕਿ ਸਥਿਤੀ 'ਤੇ ਕਾਬੂ ਪਾਉਣ ਲਈ ਫ਼ੌਜ ਤਾਇਨਾਤ ਕਰ ਦਿੱਤੀ ਗਈ ਹੈ। ਹਿੰਸਾ ਤੋਂ ਬਾਅਦ ਸਥਾਨਕ ਪ੍ਰਸ਼ਾਸਨ ਨੇ ਰਾਜਧਾਨੀ ਦੇ ਕਈ ਹਿੱਸਿਆਂ ਵਿੱਚ ਕਰਫਿਊ ਲਗਾ ਦਿੱਤਾ ਹੈ।**

ਕਾਠਮੰਡੂ 8 ਸਤੰਬਰ (ਚ.ਨ.ਸ.) ਨੇਪਾਲ ਦੀ ਰਾਜਧਾਨੀ ਅਤੇ ਕੁਝ ਹੋਰ ਇਲਾਕਿਆਂ ਵਿੱਚ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਪਾਬੰਦੀ ਲਗਾਉਣ ਦੇ ਸਰਕਾਰ ਦੇ ਫੈਸਲੇ ਖ਼ਿਲਾਫ਼ ਪ੍ਰਦਰਸ਼ਨਕਾਰੀ ਨੌਜਵਾਨਾਂ ਤੇ ਪੁਲੀਸ ਵਿਚਾਲੇ ਹੋਈ ਝੜਪ ਦੌਰਾਨ ਘੱਟੋ-ਘੱਟ 15 ਜਣੇ ਮਾਰੇ ਗਏ, ਜਦਕਿ ਦਰਜਨਾਂ ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੂੰ ਸਥਿਤੀ 'ਤੇ ਕਾਬੂ ਪਾਉਣ ਲਈ ਕਾਠਮੰਡੂ ਵਿੱਚ ਫ਼ੌਜ ਤਾਇਨਾਤ ਕਰਨੀ ਪਈ।

ਜਾਣਕਾਰੀ ਮੁਤਾਬਕ ਹਜ਼ਾਰਾਂ ਨੌਜਵਾਨ, ਸਕੂਲੀ ਵਿਦਿਆਰਥੀ GEN-Z ਦੇ ਬੈਨਰ ਹੇਠ ਕਾਠਮੰਡੂ 'ਚ ਸੰਸਦ ਦੇ ਸਾਹਮਣੇ ਇਕੱਠੇ ਹੋਏ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਉਨ੍ਹਾਂ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਲਾਈ ਪਾਬੰਦੀ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ।

ਇਸ ਦੌਰਾਨ ਜਦੋਂ ਕੁੱਝ ਪ੍ਰਦਰਸ਼ਨਕਾਰੀ ਸੰਸਦ ਵਿੱਚ ਦਾਖ਼ਲ ਹੋਣ ਲੱਗੇ ਤਾਂ ਭੀੜ ਬੇਕਾਬੂ ਹੋ ਗਈ। ਪੁਲੀਸ ਨੇ ਸੰਸਦ ਵਿੱਚ ਦਾਖ਼ਲ ਹੋਏ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਲਾਠੀਚਾਰਜ ਕੀਤਾ, ਅੱਥਰੂ ਗੈਸ ਦੇ ਗੋਲੇ ਤੇ ਰਬੜ ਦੀਆਂ ਗੋਲੀਆਂ ਦਾਗੀਆਂ।

ਹਸਪਤਾਲ ਦੀਆਂ ਰਿਪੋਰਟਾਂ ਦੇ ਹਵਾਲਾ ਨਾਲ ਇੱਕ ਅਖਬਾਰ ਨੇ ਰਿਪੋਰਟ ਦਿੱਤੀ ਕਿ ਕਾਠਮੰਡੂ ਵਿੱਚ ਪ੍ਰਦਰਸ਼ਨ ਦੌਰਾਨ 14 ਜਣੇ ਮਾਰੇ ਗਏ। ਮ੍ਰਿਤਕਾਂ ਵਿੱਚ ਟਰੋਮਾ ਸੈਂਟਰ ਵਿੱਚ ਛੇ, ਸਿਵਲ ਹਸਪਤਾਲ ਵਿੱਚ ਤਿੰਨ, ਐਵਰੈਸਟ ਹਸਪਤਾਲ ਵਿੱਚ ਤਿੰਨ, ਕਾਠਮੰਡੂ ਮੈਡੀਕਲ ਕਾਲਜ (ਕੇਐੱਮਸੀ) ਵਿੱਚ ਇੱਕ ਅਤੇ ਤ੍ਰਿਭੁਵਨ ਯੂਨੀਵਰਸਿਟੀ ਟੀਚਿੰਗ ਹਸਪਤਾਲ ਵਿੱਚ ਇੱਕ ਸ਼ਾਮਲ ਹੈ।ਸਿਹਤ ਮੰਤਰਾਲੇ ਦੇ ਸੂਤਰਾਂ ਮੁਤਾਬਕ GEN-Z ਪ੍ਰਦਰਸ਼ਨਾਂ 'ਚ ਮਰਨ ਵਾਲਿਆਂ ਦੀ ਗਿਣਤੀ 14 ਤੱਕ ਪਹੁੰਚ ਗਈ ਹੈ। ਨੇਪਾਲ ਪੁਲੀਸ ਦੇ ਬੁਲਾਰੇ ਨੇ ਕਿਹਾ ਕਿ ਦੋ ਸੁਰੱਖਿਆ ਕਰਮਚਾਰੀਆਂ ਸਣੇ 42 ਲੋਕ ਜ਼ਖ਼ਮੀ ਹੋਏ ਹਨ ਅਤੇ ਇਸ ਸਮੇਂ ਕਾਠਮੰਡੂ ਦੇ ਸਿਵਲ ਹਸਪਤਾਲ ਵਿੱਚ ਜ਼ੇਰੇ ਇਜ ਹਨ।

ਫ਼ੌਜੀ ਅਧਿਕਾਰੀਆਂ ਨੇ ਦੱਸਿਆ ਕਿ ਸਥਿਤੀ 'ਤੇ ਕਾਬੂ ਪਾਉਣ ਲਈ ਫ਼ੌਜ ਤਾਇਨਾਤ ਕਰ ਦਿੱਤੀ ਗਈ ਹੈ। ਹਿੰਸਾ ਤੋਂ ਬਾਅਦ ਸਥਾਨਕ ਪ੍ਰਸ਼ਾਸਨ ਨੇ ਰਾਜਧਾਨੀ ਦੇ ਕਈ ਹਿੱਸਿਆਂ ਵਿੱਚ ਕਰਫਿਊ ਲਗਾ ਦਿੱਤਾ ਹੈ। ਇਸ ਮਗਰੋਂ ਕਈ ਹੋਰ ਜ਼ਿਲ੍ਹਿਆਂ ਵਿੱਚ ਵੀ ਰੋਹ ਭਖ਼ ਗਿਆ।ਕਾਠਮੰਡੂ ਜ਼ਿਲ੍ਹਾ ਪ੍ਰਸ਼ਾਸਨ ਨੇ ਅਸ਼ਾਂਤੀ ਨੂੰ ਰੋਕਣ ਲਈ ਸੰਸਦ ਭਵਨ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਦੁਪਹਿਰ 12:30 ਵਜੇ ਤੋਂ ਰਾਤ 10:00 ਵਜੇ ਤੱਕ ਪਾਬੰਦੀ ਲਾ ਦਿੱਤੀ ਹੈ।

ਮੁੱਖ ਜ਼ਿਲ੍ਹਾ ਅਧਿਕਾਰੀ ਛਬੀ ਲਾਲ ਰਿਜਲ ਨੇ ਇੱਕ ਨੋਟਿਸ ਵਿੱਚ ਕਿਹਾ, ਪਾਬੰਦੀਸ਼ੁਦਾ ਖੇਤਰ ਵਿੱਚ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਆਵਾਜਾਈ, ਪ੍ਰਦਰਸ਼ਨ, ਮੀਟਿੰਗ, ਇਕੱਠ ਜਾਂ ਧਰਨਾ ਦੇਣ ਦੀ ਇਜਾਜ਼ਤ ਨਹੀਂ ਹੋਵੇਗੀ।

## ਮੋਦੀ ਹਰਿਆਣਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਵੀ ਕਰਨ ਦੌਰਾ

ਕਰਨਾਲ 8 ਸਤੰਬਰ (ਪਰਮਜੀਤ ਕੌਰ) ਸਿਰਸਾ ਤੋਂ ਕਾਂਗਰਸ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਅਤੇ ਹਿਮਾਚਲ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦੇ ਨਾਲ-ਨਾਲ ਹਰਿਆਣਾ ਦਾ ਦੌਰਾ ਕਰਨਾ ਚਾਹੀਦਾ ਹੈ। ਇਹ ਕੇਂਦਰ ਦੀ ਜ਼ਿੰਮੇਵਾਰੀ ਹੈ ਕਿ ਉਹ ਕੁਦਰਤੀ ਆਫ਼ਤ ਦਾ ਸਾਹਮਣਾ ਕਰਨ ਵਾਲੇ ਰਾਜਾਂ ਦੀ ਮਦਦ ਕਰੇ। ਵੱਖ-ਵੱਖ ਰਾਜਾਂ ਲਈ ਵੱਖ-ਵੱਖ ਮਾਪਦੰਡ ਨਹੀਂ ਹੋਣੇ ਚਾਹੀਦੇ।



ਸ਼ੈਲਜਾ ਨੇ ਇਹ ਵੀ ਕਿਹਾ ਕਿ ਜੇਕਰ ਹਰਿਆਣਾ ਦੀ ਸਰਕਾਰ ਅਤੇ ਪ੍ਰਸ਼ਾਸਨ ਪਹਿਲਾਂ ਹੀ ਯੋਜਨਾ ਤਿਆਰ ਕਰ ਲੈਂਦਾ ਅਤੇ ਉਸ 'ਤੇ ਇਮਾਨਦਾਰੀ ਨਾਲ ਕੰਮ ਕਰਦਾ ਤਾਂ ਹੜ੍ਹ ਕਾਰਨ ਇੰਨਾ ਨੁਕਸਾਨ ਨਾ ਹੁੰਦਾ।

ਮੀਡੀਆ ਨੂੰ ਜਾਰੀ ਬਿਆਨ ਵਿੱਚ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਰਾਜ ਦੀ ਭਾਜਪਾ ਸਰਕਾਰ ਇਸ ਗੱਲ 'ਤੇ ਜ਼ੋਰ ਦੇ ਰਹੀ ਹੈ ਕਿ ਹੜ੍ਹ ਕਾਰਨ ਜੋ ਵੀ ਨੁਕਸਾਨ ਹੋਇਆ ਹੈ, ਉਹ ਪੋਰਟਲ 'ਤੇ ਅਪਲੋਡ ਕੀਤਾ ਜਾਵੇ, ਉਸ ਆਧਾਰ 'ਤੇ ਮੁਆਵਜ਼ਾ ਦਿੱਤਾ ਜਾਵੇਗਾ, ਪਰ ਸਰਕਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸਦਾ ਪੋਰਟਲ ਹਰ ਰੋਜ਼ ਬੰਦ ਰਹਿੰਦਾ ਹੈ, ਕਈ ਵਾਰ ਸਰਵਰ ਡਾਊਨ ਹੁੰਦਾ ਹੈ ਅਤੇ ਪਿੰਡਾਂ ਵਿੱਚ ਸਥਿਤੀ ਹੋਰ ਵੀ ਬਦਤਰ ਹੁੰਦੀ ਹੈ, ਪੋਰਟਲ ਬਿਲਕੁਲ ਨਹੀਂ ਖੁੱਲ੍ਹਦਾ, ਅਜਿਹੀ ਸਥਿਤੀ ਵਿੱਚ ਕਿਸਾਨ ਨੁਕਸਾਨ ਬਾਰੇ ਕੀ ਜਾਣਕਾਰੀ ਅਪਲੋਡ ਕਰੇਗਾ। ਸਰਕਾਰ ਇਸ ਤਰ੍ਹਾਂ ਕਿਸਾਨਾਂ ਨੂੰ ਗੁੰਮਰਾਹ ਕਰ ਰਹੀ ਹੈ, ਜੇਕਰ ਸਰਕਾਰ ਦੇ ਇਰਾਦੇ ਸਾਫ਼ ਹਨ, ਤਾਂ ਉਹ ਪਟਵਾਰੀ ਦੀ ਜ਼ਿੰਮੇਵਾਰੀ ਤੈਅ ਕਰ ਸਕਦੀ ਹੈ ਅਤੇ ਨੁਕਸਾਨ ਦਾ ਮੁਲਾਂਕਣ ਕਰ ਸਕਦੀ ਹੈ।

## ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਜ਼ਾਰਤ ਨੇ ਇਤਿਹਾਸਕ ਫੈਸਲੇ ਲੈ ਕੇ ਹੜ੍ਹ ਪੀੜਤਾਂ ਨਾਲ ਇਕਜੁਟਤਾ ਪ੍ਰਗਟਾਈ

### ਫਸਲਾਂ ਦੇ ਨੁਕਸਾਨ ਲਈ ਪ੍ਰਤੀ ਏਕੜ 20,000 ਰੁਪਏ ਮੁਆਵਜ਼ਾ ਦੇਣ ਦੀ ਮਨਜ਼ੂਰੀ, ਦੇਸ਼ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਮੁਆਵਜ਼ਾ ਰਾਸ਼ੀ

ਚੰਡੀਗੜ੍ਹ, 8 ਸਤੰਬਰ (ਚ.ਨ.ਸ.) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਅੱਜ ਇਤਿਹਾਸਕ ਫੈਸਲੇ ਲੈਂਦਿਆਂ 'ਜੀਹਦਾ ਖੇਤ, ਓਹਦੀ ਰੇਤ' ਦੀ ਲੋਕ ਪੱਖੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਦੇ ਤਹਿਤ ਇਕ ਮੌਕਾ ਦਿੰਦੇ ਹੋਏ ਕਿਸਾਨਾਂ ਨੂੰ ਭਿਆਨਕ ਹੜ੍ਹਾਂ ਕਾਰਨ ਖੇਤਾਂ ਵਿੱਚ ਇਕੱਠੀ ਹੋਈ ਰੇਤਾ ਤੇ ਮਿੱਟੀ ਕੱਢਣ ਦੇ ਨਾਲ-ਨਾਲ ਜੇਕਰ ਉਹ ਚਾਹੁਣ ਤਾਂ ਇਸ ਨੂੰ ਵੇਚਣ ਦੀ ਖੁੱਲ੍ਹ ਦਿੱਤੀ ਜਾਵੇਗੀ। ਇਸ ਬਾਰੇ ਫੈਸਲਾ ਅੱਜ ਸਵੇਰੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਮੁੱਖ ਮੰਤਰੀ ਨੇ ਇਸ ਮੀਟਿੰਗ ਵਿੱਚ ਫੋਰਟਿਸ ਹਸਪਤਾਲ, ਮੋਹਾਲੀ ਤੋਂ ਵਰਚੁਅਲ ਤੌਰ 'ਤੇ ਸ਼ਿਰਕਤ ਕੀਤੀ ਜਿੱਥੇ ਉਹ ਜੇਰੇ ਇਲਾਜ ਹਨ।

ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਹੜ੍ਹਾਂ ਕਾਰਨ ਪਾਣੀ ਦੀ ਮਾਰ ਹੇਠ ਆਏ ਖੇਤਾਂ ਵਿੱਚ ਰੇਤਾ ਤੇ ਮਿੱਟੀ ਜਮ੍ਹਾਂ ਹੋ ਚੁੱਕੀ ਹੈ। ਇਨ੍ਹਾਂ ਖੇਤਾਂ ਦੇ ਕਿਸਾਨਾਂ ਨੂੰ ਵੱਡੀ ਰਾਹਤ ਦੇਣ ਲਈ ਇਹ ਫੈਸਲਾ ਕੀਤਾ ਗਿਆ ਕਿ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਜਮ੍ਹਾਂ ਹੋਈ ਰੇਤਾ ਤੇ ਮਿੱਟੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਜੇਕਰ ਕਿਸਾਨ ਚਾਹੁਣ ਤਾਂ ਉਹ ਇਸ ਨੂੰ ਵੇਚ ਵੀ ਸਕਣਗੇ। 'ਜੀਹਦਾ ਖੇਤ, ਓਹਦੀ ਰੇਤ' ਨੀਤੀ ਦੇ ਤਹਿਤ ਸਾਰੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਕਿਸਾਨਾਂ ਨੂੰ ਇਸ ਸਾਲ ਦੀ 31 ਦਸੰਬਰ ਤੱਕ ਬਿਨਾਂ ਕਿਸੇ ਪਰਮਿਟ ਦੇ ਆਪਣੀ ਜ਼ਮੀਨ ਵਿੱਚੋਂ ਰੇਤਾ ਚੁੱਕਣ ਦੀ ਇਜਾਜ਼ਤ ਹੋਵੇਗੀ।



ਖੇਤੀਬਾੜੀ ਵਾਲੀ ਜ਼ਮੀਨ ਤੋਂ ਮਿੱਟੀ/ਰੇਤਾ/ਦਰਿਆਵਾਂ ਰਾਹੀਂ ਪੈਦਾ ਹੋਈ ਸਮੱਗਰੀ ਕੱਢਣ ਦਾ ਇਕੋ ਵਾਰੀ ਦਿੱਤਾ ਜਾਣ ਵਾਲਾ ਮੌਕਾ ਸਮਝਿਆ ਜਾਵੇਗਾ ਪਰ ਇਸ ਨੂੰ ਮਾਈਨਿੰਗ ਵਾਲੀ ਸਮੱਗਰੀ ਨਹੀਂ ਮੰਨਿਆ ਜਾਵੇਗਾ। ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਜ਼ਿਲ੍ਹੇ ਵਿੱਚ ਪ੍ਰਭਾਵਿਤ ਪਿੰਡਾਂ ਦੀ ਸੂਚੀ ਦਾ ਐਲਾਨ ਕਰੇਗਾ ਜਿੱਥੇ ਹੜ੍ਹਾਂ ਨਾਲ ਰੇਤਾ ਜਾਂ ਗਾਰ ਜਮ੍ਹਾਂ ਹੋਣ ਕਾਰਨ ਪ੍ਰਭਾਵਿਤ ਹੋਏ ਕਿਸਾਨਾਂ/ਕਾਸ਼ਤਕਾਰ/ਕਿਸਾਨਾਂ ਦੇ ਸਮੂਹ ਵੱਲੋਂ ਮਿੱਟੀ/ਰੇਤਾ/ਦਰਿਆਵਾਂ ਰਾਹੀਂ ਪੈਦਾ ਹੋਈ ਸਮੱਗਰੀ ਨੂੰ ਕੱਢਣ ਤੇ ਢੋਹਣ ਦਾ ਕੰਮ ਕੀਤਾ ਜਾ ਸਕਦਾ ਹੈ। ਹਾਲ ਹੀ ਵਿੱਚ ਆਏ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਲਈ ਸਾਰੇ ਜ਼ਿਲ੍ਹਾ ਮਾਈਨਿੰਗ ਅਫਸਰਾਂ ਦੇ ਨਾਲ-ਨਾਲ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ ਦੀਆਂ ਨਿਗਰਾਨ ਕਮੇਟੀਆਂ ਪ੍ਰਭਾਵਿਤ ਖੇਤਾਂ ਨੂੰ ਟੋਇਆ, ਖੱਡਾਂ ਜਾਂ ਕਿਸੇ ਹੋਰ ਤਰੀਕੇ ਨਾਲ ਜ਼ਮੀਨ ਦੀ ਅਸਲ ਸਤਹਿ ਨਾਲ ਛੇੜਖਾਨੀ ਕੀਤੇ ਬਿਨਾਂ ਮਿੱਟੀ/ਰੇਤਾ/ਦਰਿਆਵਾਂ ਰਾਹੀਂ ਪੈਦਾ ਹੋਈ ਸਮੱਗਰੀ ਨੂੰ ਹਟਾਉਣ ਤੇ ਢੋਹਣ ਵਿੱਚ ਸਹਿਯੋਗ ਕਰਨਗੇ। ਫਸਲਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਮੰਤਰੀ ਮੰਡਲ ਨੇ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਪ੍ਰਤੀ ਏਕੜ 20,000 ਰੁਪਏ ਦਾ ਮੁਆਵਜ਼ਾ ਦੇਵੇਗੀ ਜੋ ਸਿਰਫ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੇ ਦੇਸ਼ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਮੁਆਵਜ਼ਾ ਰਾਸ਼ੀ ਹੈ। ਗੰਭੀਰ ਸੰਕਟ ਵਿੱਚ ਫਸੇ ਕਿਸਾਨਾਂ ਨੂੰ ਬਾਹਰ ਕੱਢਣ ਲਈ ਸੂਬਾ ਸਰਕਾਰ ਨੇ ਇਹ ਮਹੱਤਵਪੂਰਨ ਫੈਸਲਾ ਲਿਆ ਹੈ ਤਾਂ ਕਿ ਕਿਸਾਨਾਂ ਨੂੰ ਅਤਿ ਲੋੜੀਂਦੀ ਰਾਹਤ ਦਿੱਤੀ ਜਾ ਸਕੇ।

## ਹਰਿਆਣਾ ਬਣੇਗਾ ਡਰੋਨ ਤਕਨਾਲੋਜੀ ਦਾ ਹੱਬ - ਮੁੱਖ ਮੰਤਰੀ ਨਾਇਬ ਸਿੰਘ ਸੈਣੀ

### 252 ਡਰੋਨ ਪਾਇਲਟਾਂ ਤੇ 136 ਤਕਨੀਸ਼ੀਅਨਾਂ ਨੂੰ ਮਿਲਿਆ ਪ੍ਰਮਾਣ ਪੱਤਰ, ਹਿਸਾਰ ਦੇ ਸਿਸਾਏ ਵਿੱਚ ਬਣੇਗਾ ਦੱਖਣ ਏਸ਼ੀਆ ਦਾ ਸੱਭ ਤੋਂ ਵੱਡਾ ਡਰੋਨ ਹੱਬ





ਚੰਡੀਗੜ੍ਹ/ਪੰਚਕੂਲਾ 8 ਸਤੰਬਰ (ਅੰਮ੍ਰਿਤਪਾਲ ਸਿੰਘ, ਸਤੀਸ਼) ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸਾਲ 2047 ਤੱਕ ਵਿਕਸਿਤ ਭਾਰਤ ਦੇ ਵਿਜਨ ਨੂੰ ਸਾਕਾਰ ਕਰਨ ਲਈ ਸੂਬਾ ਸਰਕਾਰ ਨੇ ਵਿਕਸਿਤ ਹਰਿਆਣਾ ਦੀ ਠੋਸ ਰੂਪਰੇਖਾ ਤਿਆਰ ਕੀਤੀ ਹੈ। ਇਸ ਦਿਸ਼ਾ ਵਿੱਚ ਹਰਿਆਣਾ ਨੂੰ ਡਰੋਨ ਤਕਨਾਲੋਜੀ, ਇਨੋਵੇਸ਼ਨ ਅਤੇ ਨਵੀਂ ਤਕਨੀਕ ਦਾ ਹੱਬ ਬਨਾਉਣ ਦੀ ਪਹਿਲ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਅੱਜ ਹਰਿਆਣਾ ਨਿਵਾਸ ਵਿੱਚ ਆਯੋਜਿਤ ਡਰੋਨ ਪਾਇਲਟਾਂ ਅਤੇ ਤਕਨੀਸ਼ਿਅਨਾਂ ਦੇ ਕੰਨਵੋਕੇਸ਼ਨ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਉਨ੍ਹਾਂ ਨੇ ਸਿਵਲ ਏਵੀਏਸ਼ਨ ਮੁੱਖ ਦਫਤਰ ਤੋਂ ਪ੍ਰਮਾਣਤ 252 ਡਰੋਨ ਪਾਇਲਟਾਂ ਅਤੇ 136 ਡਰੋਨ ਤਕਨੀਸ਼ਿਅਨਾਂ ਨੂੰ ਪ੍ਰਮਾਣ ਪੱਤਰ ਵੰਡੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਉਪਲਬਧੀ ਹਰਿਆਣਾ ਦੀ ਡਰੋਨ ਤਕਨਾਲੋਜੀ ਵਿੱਚ ਲੰਬੀ ਛਲਾਂਗ ਹੈ। ਹਿਸਾਰ ਜਿਲ੍ਹੇ ਦੇ ਪਿੰਡ ਸਿਸਾਏ ਵਿੱਚ ਦੇਸ਼ ਦਾ ਪਹਿਲਾ ਡਰੋਨ ਮੈਨੂਫੈਕਚਰਿੰਗ ਤਕਨਾਲੋਜੀ ਹੱਬ ਸਥਾਪਿਤ ਕੀਤਾ ਜਾ ਰਿਹਾ ਹੈ, ਜੋ ਦੱਖਣ ਏਸ਼ਿਆ ਦਾ ਸੱਭ ਤੋਂ ਵੱਡਾ ਹੱਬ ਹੋਵੇਗਾ। ਇਸ ਨਾਲ ਡਰੋਨ ਦੇ ਮੈਨੂਫੈਕਚਰਿੰਗ, ਮੁਰੰਮਤ ਅਤੇ ਸਿਖਲਾਈ ਦੀ ਆਧੁਨਿਕ ਸਹੂਲਤਾਂ ਉਪਲਬਧ ਹੋਣਗੀਆਂ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਸੇਨਾ ਅਤੇ ਆਰਮਡ ਫੋਰਸਾਂ ਲਈ 5 ਡਰੋਨ ਦਾ ਈ-ਉਦਘਾਟਨ ਅਤੇ ਪਿੰਡ ਸਿਸਾਏ ਵਿੱਚ ਬਣੇ ਏਵੀਪੀਐਲ ਇੰਟਰਨੈਸ਼ਨਲ ਦੇ ਏਗਰੀਕਲਚਰ ਡਰੋਨ ਪੈਵੇਲਿਅਨ ਦਾ ਉਦਘਾਟਨ ਵੀ ਕੀਤਾ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇ ਮਿਹਨਤੀ ਯੁਵਾ ਡਰੋਨ ਤਕਨਾਲੋਜੀ ਵਿੱਚ ਨਵੀਂ ਉਚਾਈਆਂ ਹਾਸਲ ਕਰ ਰਹੇ ਹਨ। ਪ੍ਰਮਾਣਤ 388 ਡਰੋਨ ਪਾਇਲਟਾਂ ਤੇ ਤਕਨੀਸ਼ਿਅਨਾਂ ਵਿੱਚੋਂ 53 ਕੁੜੀਆਂ ਹਨ, ਜੋ ਮਹਿਲਾ ਸ਼ਸ਼ਕਤੀਕਰਣ ਦੀ ਮਿਸਾਲ ਪੇਸ਼ ਕਰ ਰਹੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਸ਼ੁਰੂ ਕੀਤੀ ਗਈ ਨਮੋ ਡਰੋਨ ਦੀਦੀ ਅਤੇ ਕਿਸਾਨ ਡਰੋਨ ਵਰਗੀ ਯੋਜਨਾਵਾਂ ਗ੍ਰਾਮੀਣ ਕਮਿਊਨਿਟੀ ਅਤੇ ਕਿਸਾਨਾਂ ਨੂੰ ਮਜਬੂਤ ਬਣਾ ਰਹੀਆਂ ਹਨ। ਡਰੋਨ ਨਾਲ ਖੇਤੀ ਕਿਸਾਨਾਂ ਵਿੱਚ ਸਮੇਂ ਅਤੇ ਮਿਹਨਤ ਦੀ ਬਚੱਤ ਹੋ ਰਹੀ ਹੈ, ਨਾਲ ਹੀ ਉਤਪਾਦਨ ਅਤੇ ਆਮਦਨ ਵਿੱਚ ਵੀ ਵਾਧਾ ਹੋ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਦੀ ਪ੍ਰਗਤੀ ਨੇ ਵਿਸ਼ਵ ਵਿੱਚ ਇੱਕ ਨਵੀਂ ਪਹਿਚਾਣ ਬਣਾਈ ਹੈ। ਸਾਲ 2014 ਵਿੱਚ ਵਿਸ਼ਵ ਦੀ ਅਰਥਵਿਵਸਥਾ ਵਿੱਚ 11ਵੇਂ ਸਥਾਨ 'ਤੇ ਰਿਹਾ ਭਾਰਤ ਅੱਜ ਚੌਥੇ ਸਥਾਨ 'ਤੇ ਹੈ ਅਤੇ ਜਲਦੀ ਹੀ ਤੀਜੇ ਸਥਾਨ 'ਤੇ ਪਹੁੰਚਣ ਦੀ ਦਿਸ਼ਾ ਵਿੱਚ ਵੱਧ ਰਿਹਾ ਹੈ। ਮੁੱਖ ਮੰਤਰੀ ਨੇ ਸਾਰੇ ਪਾਇਲਟਾਂ ਅਤੇ ਤਕਨੀਸ਼ੀਅਨਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਹਰਿਆਣਾ ਅਤੇ ਦੇਸ਼ ਦਾ ਨਾਮ ਰੋਸ਼ਨ ਕਰਣਗੇ।

ਇਸ ਮੌਕੇ 'ਤੇ ਉਦਯੋਗ ਅਤੇ ਵਪਾਰ ਮੰਤਰੀ ਸ੍ਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਦੇਸ਼ ਦੀ ਕੁੱਲ ਆਬਾਦੀ ਦਾ ਦੋ ਫੀਸਦੀ ਤੋਂ ਵੀ ਘੱਟ ਪ੍ਰਤੀਨਿਧੀਤਵ ਰੱਖਣ ਦੇ ਬਾਵਜੂਦ ਹਰਿਆਣਾ ਨੇ ਹਰ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ। ਡਰੋਨ ਤਕਨਾਲੋਜੀ ਦੇ ਖੇਤਰ ਵਿੱਚ ਅੱਜ ਦੀ ਇਹ ਉਪਲਬਧੀ ਹਰਿਆਣਾ ਨੂੰ ਨਵੀਂ ਗਤੀ ਅਤੇ ਊਰਜਾ ਪ੍ਰਦਾਨ ਕਰੇਗੀ। ਪ੍ਰੋਗਰਾਮ ਵਿੱਚ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਵਿਦੇਸ਼ ਸਹਿਯੋਗ ਵਿਭਾਗ ਦੇ ਸਲਾਹਕਾਰ ਸ੍ਰੀ ਪਵਨ ਚੌਧਰੀ, ਏਵੀਪੀਐਲ ਇੰਟਰਨੈਸ਼ਨਲ ਦੇ ਸ੍ਰੀ ਦੀਪ ਸਿਹਾਗ, ਡਾ. ਪ੍ਰੀਤ ਸੰਧੂ ਅਤੇ ਸੇਵਾਮੁਕਤ ਲੈਫਟੀਨੈਂਟ ਜਨਰਲ ਆਰ ਕੇ ਆਨੰਦ ਸਮੇਤ ਅਨੇਕ ਸੀਨੀਅਰ ਅਧਿਕਾਰੀ ਮੌਜੂਦ ਰਹੇ।

## ਦਿਲਜੀਤ ਸਿੰਘ ਬੇਦੀ ਅੰਤਿਮ ਅਰਦਾਸ ਸ਼ਰਧਾਜਲੀ ਸਮਾਗਮ

### ਦਿਲਜੀਤ ਸਿੰਘ ਬੇਦੀ ਨੇ ਆਪਣੀਆਂ ਲਿਖਤਾਂ ਰਾਹੀਂ ਬੁੱਢਾ ਦਲ ਲਈ ਕੀਤੇ ਵਡਮੁੱਲੇ ਕਾਰਜ ਜਿਨਾਂ ਦਾ ਵਿਛੋੜਾ ਅਕਿਹ ਅਤੇ ਅਸਹਿ : ਸਿੰਘ ਸਾਹਿਬ ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ 8 ਸਤੰਬਰ (ਚ.ਨ.ਸ.) ਉੱਘੇ ਸਿੱਖ ਚਿੰਤਕ, ਲੇਖਕ ਤੇ ਸਾਹਿਤਕਾਰ ਸਰਦਾਰ ਦਿਲਜੀਤ ਸਿੰਘ ਬੇਦੀ ਨਮਿਤ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਧਾਰਮਿਕ ਸਮਾਗਮ ਅੱਜ ਗੁਰਦੁਆਰਾ ਅਕਾਲੀ ਫੂਲਾ ਸਿੰਘ ਵਿਖੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਜੀ ਦੀ ਅਗਵਾਈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਕਰਵਾਇਆ ਗਿਆ।

ਇਸ ਮੌਕੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਨਾਮ ਸਿਮਰਨ ਗੁਰਬਾਣੀ ਕੀਰਤਨ ਦਾ ਪ੍ਰਵਾਹ ਵੀ ਚਲਿਆ। ਅੰਤਿਮ ਅਰਦਾਸ ਸਮਾਗਮ ਦੌਰਾਨ ਵੱਖ ਵੱਖ ਧਾਰਮਿਕ,ਸਮਾਜਿਕ ਅਤੇ ਰਾਜਨੀਤਿਕ ਸਖਸ਼ੀਅਤਾਂ ਤੋਂ ਇਲਾਵਾ ਸੰਤ ਮਹਾਂਪੁਰਸ਼, ਨਿਹੰਗ ਜਥੇਬੰਦੀਆਂ ਦੇ ਮੁਖੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੁਲਾਜ਼ਮ ਸਾਹਿਬਾਨ ਆਦਿ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।



ਅਰਦਾਸ ਉਪਰੰਤ ਸਿੰਘ ਸਾਹਿਬ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਹੋਰਾਂ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਬੁੱਢਾ ਦਲ ਦੇ ਸਕੱਤਰ ਰਹੇ ਦਿਲਜੀਤ ਸਿੰਘ ਬੇਦੀ ਹੋਰਾਂ ਨੂੰ ਸ਼ਰਧਾ ਸਤਿਕਾਰ ਭੇਂਟ ਕੀਤਾ ਉਥੇ ਹੀ ਉਹਨਾਂ ਨੇ ਇਹ ਕਿਹਾ ਕਿ ਜਿੱਥੇ ਪਰਿਵਾਰ ਵੱਡਾ ਘਾਟਾ ਪਿਆ ਉੱਥੇ ਹੀ ਪੰਥ ਦੀ ਨੁਮਾਇੰਦਾ ਜਥੇਬੰਦੀ ਬੁੱਢਾ ਦਲ ਨੂੰ ਹਮੇਸ਼ਾ ਉਹਨਾਂ ਦੀ ਘਾਟ ਮਹਿਸੂਸ ਹੁੰਦੀ ਹੁੰਦੀ ਰਹੇਗੀ ਕਿ ਸਰਦਾਰ ਦਲਜੀਤ ਸਿੰਘ ਬੇਦੀ ਦਾ ਸਦੀਵੀ ਵਿਛੋੜਾ ਅਕਿਹ ਤੇ ਅਸਿਹ ਹੈ। ਉਹਨਾਂ ਕਿਹਾ ਕਿ ਅੱਜ ਵੀ ਇੰਜ ਮਹਿਸੂਸ ਹੋ ਰਿਹਾ ਹੈ ਕਿ ਦਲਜੀਤ ਸਿੰਘ ਬੇਦੀ ਆਪਣੀਆਂ ਅਮੁਲਵਾਨ ਰਚਨਾਵਾਂ, ਲੇਖ ਅਤੇ ਬੁੱਢਾ ਦਲ ਨਾਲ ਸੰਬੰਧਿਤ ਇਤਿਹਾਸਿਕ ਜਾਣਕਾਰੀਆਂ ਨੂੰ ਕਲਮਬੰਧ ਕਰ ਰਿਹਾ ਹੈ।

ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਬੁੱਢਾ ਦਲ ਕੌਮ ਦੀ ਪੰਥਕਨੁਮਾ ਜਮਾਤ ਹੈ,ਜਿਸ ਦੇ ਵਡਮੁੱਲਾ ਖ਼ਜਾਨੇ ਨੂੰ ਵੀ ਸਾਂਭਣ ਦਾ ਕੰਮ ਵੀ ਦਿਲਜੀਤ ਸਿੰਘ ਬੇਦੀ ਹੋਰਾਂ ਨੇ ਕੀਤਾ ਅਜਿਹੇ ਕਾਰਜ ਉਹਨਾਂ ਦੇ ਹਿੱਸੇ ਇਸ ਕਰਕੇ ਆਏ ਹਨ ਕਿਉਂਕਿ ਉਹਨਾਂ ਦੀ ਦੂਰਅਦੇਸ਼ੀ ਸੋਚ ਅਤੇ ਪੰਥਪ੍ਰਸਤੀ ਨੇ ਸਾਰਿਆਂ ਦਾ ਹੀ ਧਿਆਨ ਕੇਂਦਰਿਤ ਕੀਤਾ ਪੰਥਕ ਸਫਾਂ ਵਿੱਚ ਲੇਖਕ ਅਤੇ ਸਾਹਿਤਕਾਰਾਂ ਵਿੱਚ ਵੀ ਉਹਨਾਂ ਨੇ ਆਪਣੀ ਵਿਲੱਖਣ ਪਹਿਚਾਣ ਬਣਾਈ ਅਤੇ ਵਡਮੁੱਲੇ ਕਾਰਜ ਕਰਦਿਆਂ ਉਹਨਾਂ ਨੇ ਬੁੱਢਾ ਦਲ ਲਈ ਵੀ ਮਹਾਨਕਾਰਜਾਂ ਨੂੰ ਅੱਗੇ ਲਿਜਾਣ ਦਾ ਕੰਮ ਕੀਤਾ। ਉਹਨਾਂ ਦਾ ਸਦੀਵੀ ਵਿਛੋੜਾ ਵੱਡਾ ਘਾਟਾ ਹੈ ਉਹਨਾਂ ਦੀਆਂ ਰਚਨਾਵਾਂ ਤੇ ਲਿਖਤਾਂ ਹਮੇਸ਼ਾ ਹੀ ਵੱਡਾ ਦਲ ਲਈ ਪ੍ਰੇਰਣਾ ਅਤੇ ਮਾਰਗ ਦਰਸ਼ਨ ਬਾਣੀਆ ਰਹਿਣਗੀਆਂ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਹੋਰਾਂ ਦੇ ਨਿਜੀ ਸਹਾਇਕ ਸਰਦਾਰ ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ ਹੋਰਾਂ ਨੇ ਵੀ ਐਡਵੋਕੇਟ ਧਾਮੀ ਹੋਰਾਂ ਵੱਲੋਂ ਭੇਜੇ ਸੋਗ ਸਨੇਹ ਨੂੰ ਪੜਿਆ ਅਤੇ ਸਰਦਾਰ ਦਲਜੀਤ ਸਿੰਘ ਬੇਦੀ ਹੋਰਾਂ ਦੇ ਸਦੀਵੀ ਵਿਛੋੜੇ ਨੂੰ ਵੱਡਾ ਘਾਟਾ ਕਰਾਰ ਦਿੱਤਾ ਉਹਨਾਂ ਨੇ ਕਿਹਾ ਕਿ ਸਰਦਾਰ ਦਿਲਜੀਤ ਸਿੰਘ ਬੇਦੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਬਤੌਰ ਪਬਲੀਸਿਟੀ ਸਕੱਤਰ ਵਜੋਂ ਅਹਿਮ ਕਾਰਜ ਕੀਤੇ ਜੋ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ। ਉਹਨਾਂ ਕਿਹਾ ਕਿ ਦਿਲਜੀਤ ਸਿੰਘ ਬੇਦੀ ਹੋਰਾਂ ਨੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਦੇ ਨਾਲ ਸਿੱਖਾਂ ਦੀ ਸਿਰਮੌਰ ਸੰਸਥਾ ਦਾ ਵੀ ਨਾਮ ਉੱਚਾ ਕੀਤਾ ਜਿਨਾਂ ਦੀ ਕਾਟ ਹਮੇਸ਼ਾ ਸੰਸਥਾ ਅੰਦਰ ਮਹਿਸੂਸ ਹੁੰਦੀ ਰਹੇਗੀ।

# ਕਾਂਗਰਸ ਪ੍ਰਧਾਨ ਰਾਜੇਸ਼ ਵੈਦਿਆ ਦੇ ਸਨਮਾਨ ਸਮਾਰੋਹ ਵਿੱਚ ਵਾਲਮੀਕਿ ਭਾਈਚਾਰਾ ਵੱਡੀ ਗਿਣਤੀ ਵਿੱਚ ਇਕੱਠਾ ਹੋਇਆ

### ਜੋ ਕਰਨਾਲ ਜ਼ਿਲ੍ਹੇ ਵਿੱਚ ਇੱਕ ਵੱਡਾ ਰਾਜਨੀਤਿਕ ਬਦਲਾਅ ਲਿਆਏਗਾ।

**ਸਨਮਾਨ ਸਮਾਰੋਹ ਵਿੱਚ ਵਾਲਮੀਕਿ ਭਾਈਚਾਰੇ ਅਤੇ ਕਰਨਾਲ ਜ਼ਿਲ੍ਹੇ ਦੇ ਰਵਿਦਾਸ ਭਾਈਚਾਰੇ ਦੇ ਪ੍ਰਮੁੱਖ ਲੋਕਾਂ ਨੇ ਰਾਜੇਸ਼ ਵੈਦਿਆ ਨੂੰ ਪੱਗ ਬੰਨ੍ਹ ਕੇ ਸਨਮਾਨਿਤ ਕੀਤਾ**




ਕਰਨਾਲ, 8 ਸਤੰਬਰ (ਸੰਦੀਪ ਰੋਹਿਲਾ): ਸੰਵਿਧਾਨ ਸਾਡੇ ਦੇਸ਼ ਦਾ ਸਭ ਤੋਂ ਵੱਡਾ ਗ੍ਰੰਥ ਹੈ ਅਤੇ ਹਰ ਭਾਰਤੀ ਨੂੰ ਆਪਣੇ ਦੇਸ਼ ਦੇ ਸੰਵਿਧਾਨ 'ਤੇ ਮਾਣ ਹੋਣਾ ਚਾਹੀਦਾ ਹੈ। ਉਪਰੋਕਤ ਵਿਚਾਰ ਕਰਨਾਲ ਕਾਂਗਰਸ ਕਮੇਟੀ ਦੇ ਦਿਹਾਤੀ ਪ੍ਰਧਾਨ ਪ੍ਰੋਫੈਸਰ ਰਾਜੇਸ਼ ਵੈਦਿਆ ਨੇ ਆਦਿ ਧਰਮ ਸਮਾਜ ਅਤੇ ਕਰਨਾਲ ਜ਼ਿਲ੍ਹੇ ਦੇ ਸਮੁੱਚੇ ਵਾਲਮੀਕਿ ਭਾਈਚਾਰੇ ਵੱਲੋਂ ਉਨ੍ਹਾਂ ਦੇ ਸਨਮਾਨ ਵਿੱਚ ਆਯੋਜਿਤ ਸਨਮਾਨ ਸਮਾਰੋਹ ਵਿੱਚ ਮੌਜੂਦ ਲੋਕਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਪ੍ਰੋ. ਵੈਦਿਆ ਨੇ ਕਿਹਾ ਕਿ ਅੱਜ ਦੇਸ਼ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਅਜਿਹੇ ਔਖੇ ਸਮੇਂ ਵਿੱਚ, ਸੰਵਿਧਾਨ ਦੁਆਰਾ ਦਰਸਾਏ ਗਏ ਰਸਤੇ 'ਤੇ ਚੱਲ ਕੇ ਹੀ, ਇਸ ਵਿਸ਼ਾਲ ਦੇਸ਼ ਨੂੰ ਤਰੱਕੀ ਦੇ ਸਹੀ ਰਸਤੇ 'ਤੇ ਲਿਜਾਇਆ ਜਾ ਸਕਦਾ ਹੈ। ਪ੍ਰੋ. ਵੈਦਿਆ ਨੇ ਸਾਰਿਆਂ ਨੂੰ ਸੰਵਿਧਾਨ ਦੀ ਰੱਖਿਆ ਲਈ ਅੱਗੇ ਆਉਣ ਦਾ ਸੱਦਾ ਦਿੰਦੇ ਹੋਏ, ਉਨ੍ਹਾਂ ਤਾਕਤਾਂ ਨੂੰ ਚੁਣੌਤੀ ਦੇਣ ਦਾ ਵੀ ਐਲਾਨ ਕੀਤਾ ਜੋ ਸੰਵਿਧਾਨ ਨੂੰ ਬਦਲਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਵੈਦਿਆ ਨੇ ਕਿਹਾ ਕਿ ਅੱਜ ਦੇਸ਼ ਵਿੱਚ ਹਰ ਰੋਜ਼ ਸੰਵਿਧਾਨ ਨੂੰ ਤੋੜਿਆ ਜਾ ਰਿਹਾ ਹੈ ਅਤੇ ਗਰੀਬਾਂ ਅਤੇ ਦਲਿਤ ਸਮਾਜ 'ਤੇ ਅੱਤਿਆਚਾਰ ਦਿਨੋ-ਦਿਨ ਵੱਧ ਰਹੇ ਹਨ, ਪਰ ਅੱਜ ਅਸੀਂ ਸਾਰੇ ਪ੍ਰਣ ਲੈਂਦੇ ਹਾਂ ਕਿ ਅਸੀਂ ਸੰਵਿਧਾਨ ਨੂੰ ਬਦਲਣ ਵਾਲੀਆਂ ਤਾਕਤਾਂ ਨੂੰ ਢੁਕਵਾਂ ਜਵਾਬ ਦੇਵਾਂਗੇ ਅਤੇ ਅਜਿਹੇ ਲੋਕਾਂ ਨੂੰ ਵੋਟ ਦੀ ਸ਼ਕਤੀ ਨਾਲ ਹਰਾਵਾਂਗੇ। ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਵੈਦਿਆ ਨੇ ਕਿਹਾ ਕਿ ਸਾਡਾ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਵਧੀਆ ਸੰਵਿਧਾਨ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ 'ਤੇ ਮਾਣ ਹੋਣਾ ਚਾਹੀਦਾ ਹੈ ਅਤੇ ਸਾਰੇ ਧਰਮਾਂ ਦੇ ਲੋਕਾਂ ਨੂੰ ਦੇਸ਼ ਵਿੱਚ ਇਕੱਠੇ ਰਹਿਣਾ ਚਾਹੀਦਾ ਹੈ। ਪ੍ਰੋ. ਰਾਜੇਸ਼ ਵੈਦਿਆ ਨੇ ਕਿਹਾ ਕਿ ਜਦੋਂ ਵੀ ਕਿਸੇ ਵੀ ਪਾਰਟੀ ਨੇ ਸੰਵਿਧਾਨ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਹੈ, ਉਸਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਭਗਵਾਨ ਵਾਲਮੀਕਿ ਦੀ ਤਸਵੀਰ ਦੇ ਸਾਹਮਣੇ ਦੀਵਾ ਜਗਾ ਕੇ ਅਤੇ ਫੁੱਲ ਭੇਟ ਕਰਕੇ ਪ੍ਰੋਗਰਾਮ ਦਾ ਉਦਘਾਟਨ ਕੀਤਾ ਗਿਆ। ਪ੍ਰੋਗਰਾਮ ਦਾ ਸੰਚਾਲਨ ਕਿਰਨਪਾਲ ਘੀੜ, ਪੋਲੀ ਰਾਮ, ਐਡਵੋਕੇਟ ਪਰੋਚਾ ਬਾਲਦੀ ਨੇ ਕੀਤਾ। ਪ੍ਰੋਗਰਾਮ ਨੂੰ ਹਰਿਆਣਾ ਪ੍ਰਦੇਸ਼ ਕਾਰਜਕਾਰੀ ਪ੍ਰਧਾਨ ਸੁਰੇਸ਼ ਗੁਪਤਾ, ਸਾਬਕਾ ਵਿਧਾਨ ਸਭਾ ਸਪੀਕਰ ਕੁਲਦੀਪ ਸ਼ਰਮਾ, ਵਿਧਾਇਕ ਸ਼ਮਸ਼ੇਰ ਸਿੰਘ ਗੋਗੀ, ਸਾਬਕਾ ਮੰਤਰੀ ਭੀਮ ਸੇਨ ਮਹਿਤਾ, ਸਾਬਕਾ ਕੌਮੀ ਸਕੱਤਰ ਵਰਿੰਦਰ ਰਾਠੌਰ, ਸ਼ਹਿਰੀ ਜ਼ਿਲ੍ਹਾ ਪ੍ਰਧਾਨ ਪਰਾਗ ਗਾਬਾ, ਕਮਲ ਮਾਨ, ਜੋਗਿੰਦਰ ਵਾਲਮੀਕੀ ਨੇ ਸੰਬੋਧਨ ਕੀਤਾ। ਪ੍ਰੋਗਰਾਮ ਦਾ ਸੰਚਾਲਨ ਅੰਕਿਤ ਚੌਹਾਨ, ਕੈਲਾਸ਼ ਪੁਰਸ਼ਾਰਥੀ ਅਤੇ ਅਸ਼ੋਕ ਦੁੱਗਲ ਨੇ ਸਾਂਝੇ ਤੌਰ 'ਤੇ ਕੀਤਾ । ਰਾਜੇਸ਼ ਚੌਧਰੀ, ਅਮਰਜੀਤ ਧੀਮਾਨ, ਚੇਤ ਰਾਮ, ਇੰਦਰਜੀਤ ਗੋਰਾਇਆ, ਪੱਪੂ ਲਾਠਰ, ਭੂਪੇਂਦਰ ਲਾਠਰ, ਓਮਪ੍ਰਕਾਸ਼ ਸਲੂਜਾ, ਬਸੰਤ ਰਾਣਾ, ਨਿਸ਼ਚੈ ਸੋਹੀ, ਰਾਮਫਲ ਕਮਾਲਪੁਰ, ਪਦਮ ਗੁਪਤਾ, ਰੋਹਿਤ ਜੋਸ਼ੀ, ਸ਼ਸ਼ੀ ਵਤਸ, ਸਤਪਾਲ ਕਸ਼ਯਪ, ਨਰੇਸ਼ ਸ਼ਰਮਾ, ਗੁਰਬਖਸ਼ ਦੇਵ, ਸੁਬਖਸ਼ਦੇਵ, ਸੁਖਪਾਲ ਸਿੰਘ, ਪ੍ਰਭਦੀਪ ਸਿੰਘ, ਸ. ਪ੍ਰੋਗਰਾਮ ਵਿੱਚ ਔਰਤਾਂ ਅਤੇ ਨੌਜਵਾਨਾਂ ਨੇ ਭਾਗ ਲਿਆ।



# ਕਾਲਕਾ ਦੀ ਵਿਧਾਇਕ ਸ਼ਕਤੀ ਰਾਣੀ ਸ਼ਰਮਾ ਨੇ ਸਵਦੇਸ਼ੀ ਸੰਕਲਪ ਯਾਤਰਾ ਵਿੱਚ ਹਿਸਾ ਲਿਆ

### ਮਾਣ ਨਾਲ ਕਹੋ, ਇਹ ਸਵਦੇਸ਼ੀ ਹੈ: ਸਵੈ-ਨਿਰਭਰ ਭਾਰਤ ਵੱਲ ਇੱਕ ਕਦਮ

ਕਾਲਕਾ, 8 ਸਤੰਬਰ (ਅਖ਼ਤਰ ਫਾਰੂਕੀ, ਅਜੀਤ ਸਿੰਘ): ਸਵਦੇਸ਼ੀ ਜਾਗਰਣ ਮੰਚ ਨੇ ਸਵਦੇਸ਼ੀ ਸੁਰੱਖਿਆ ਅਤੇ ਸਵੈ-ਨਿਰਭਰਤਾ ਮੁਹਿੰਮ ਤਹਿਤ ਕਾਲਕਾ ਵਿੱਚ ਇੱਕ ਵਿਸ਼ਾਲ ਸਵਦੇਸ਼ੀ ਸੰਕਲਪ ਯਾਤਰਾ ਦਾ ਆਯੋਜਨ ਕੀਤਾ। ਜਿਸ ਵਿੱਚ ਕਾਲਕਾ ਵਿਧਾਨ ਸਭਾ ਦੀ ਪ੍ਰਸਿੱਧ ਵਿਧਾਇਕ ਸ਼ਕਤੀ ਰਾਣੀ ਸ਼ਰਮਾ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਯਾਤਰਾ ਦੀ ਸ਼ੁਰੂਆਤ ਕਾਲਕਾ ਦੇ ਪ੍ਰਸਿੱਧ ਕਾਲੀ ਮਾਤਾ ਮੰਦਰ ਵਿੱਚ ਮੱਥਾ ਟੇਕ ਕੇ ਕੀਤੀ ਗਈ ਅਤੇ ਯਾਤਰਾ ਕਾਲਕਾ ਦੇ ਮੁੱਖ ਬਾਜ਼ਾਰ ਵਿੱਚੋਂ ਲੰਘਦੀ ਹੋਈ ਕਮਿਊਨਿਟੀ ਸੈਂਟਰ, ਰੇਲਵੇ ਰੋਡ 'ਤੇ ਸਮਾਪਤ ਹੋਈ। ਇਸ ਮੌਕੇ ਵੱਡੀ ਗਿਣਤੀ ਵਿੱਚ ਕਾਰੋਬਾਰੀ, ਸਮਾਜਿਕ ਸੰਗਠਨ, ਵਿਦਿਆਰਥੀ ਅਤੇ ਆਮ ਲੋਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਯਾਤਰਾ ਦੌਰਾਨ ਸਾਰੇ ਵਰਗਾਂ ਨੇ ਵਿਦੇਸ਼ੀ ਵਸਤੂਆਂ ਦਾ ਬਾਈਕਾਟ ਕਰਨ ਅਤੇ ਸਵਦੇਸ਼ੀ ਅਪਣਾਉਣ ਦਾ ਪ੍ਰਣ ਲਿਆ। ਪ੍ਰੋਗਰਾਮ ਤੋਂ ਬਾਅਦ ਵਿਧਾਇਕ ਸ਼ਕਤੀ ਰਾਣੀ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ - ਸਵਦੇਸ਼ੀ ਅਪਣਾਉਣ ਦਾ ਮਤਲਬ ਸਿਰਫ਼ ਸਵਦੇਸ਼ੀ ਵਸਤੂਆਂ ਦੀ ਵਰਤੋਂ ਕਰਨਾ ਨਹੀਂ ਹੈ, ਸਗੋਂ ਇਹ ਸਾਡੀ ਸੰਸਕ੍ਰਿਤੀ, ਸਾਡੀ ਆਰਥਿਕਤਾ ਅਤੇ ਸਾਡੀ ਸਵੈ-ਨਿਰਭਰਤਾ ਨਾਲ ਜੁੜਿਆ ਇੱਕ ਸੰਕਲਪ ਹੈ। ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ 'ਮਨ ਕੀ ਬਾਤ' ਵਿੱਚ ਦੇਸ਼ ਵਾਸੀਆਂ ਨੂੰ 'ਵੋਕਲ ਫਾਰ ਲੋਕਲ ਐਂਡ ਸਵੈ-ਨਿਰਭਰ ਭਾਰਤ' ਦੇ ਮੰਤਰ ਨੂੰ ਅੱਗੇ ਵਧਾਉਣ ਦਾ ਸੱਦਾ ਦਿੱਤਾ ਹੈ। ਸਾਨੂੰ ਮਾਣ ਨਾਲ ਕਹਿਣਾ ਚਾਹੀਦਾ ਹੈ - ਇਹ ਸਵਦੇਸ਼ੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਯਾਤਰਾ ਦਾ ਮੁੱਖ ਉਦੇਸ਼ ਮੇਰੀ ਦੀਪਾਵਲੀ - ਸਵਦੇਸ਼ੀ ਦੀਪਾਵਲੀ ਦੇ ਸੰਕਲਪ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ। ਇਸ ਦੀਪਾਵਲੀ 'ਤੇ ਸਾਨੂੰ ਵਿਦੇਸ਼ੀ ਵਸਤੂਆਂ ਦਾ ਬਾਈਕਾਟ ਕਰਨਾ ਚਾਹੀਦਾ ਹੈ ਅਤੇ ਸਥਾਨਕ ਕਾਰੀਗਰਾਂ ਅਤੇ ਉੱਦਮੀਆਂ ਦਾ ਸਮਰਥਨ ਕਰਨਾ ਚਾਹੀਦਾ ਹੈ। ਯਾਤਰਾ ਵਿੱਚ ਸ਼ਾਮਲ ਲੋਕਾਂ ਨੇ ਸਮੂਹਿਕ ਤੌਰ 'ਤੇ ਨਾਅਰੇ ਲਗਾਏ - ਮਾਣ ਨਾਲ ਕਹੋ, ਇਹ ਸਵਦੇਸ਼ੀ ਹੈ, **ਸਥਾਨਕ ਲਈ ਵੋਕਲ - ਇਹ ਸਵੈ-ਨਿਰਭਰ ਭਾਰਤ ਦਾ ਸੰਕਲਪ ਹੈ।**

ਸਵਦੇਸ਼ੀ ਸੰਕਲਪ ਯਾਤਰਾ ਨੇ ਕਾਲਕਾ ਵਿੱਚ ਦੇਸ਼ ਭਗਤੀ, ਜਨਤਕ ਜਾਗਰਣ ਅਤੇ ਸਵੈ-ਨਿਰਭਰਤਾ ਦਾ ਸੰਦੇਸ਼ ਦਿੱਤਾ ਅਤੇ ਇਹ ਫੈਸਲਾ ਕੀਤਾ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਕਾਲਕਾ ਵਿਧਾਨ ਸਭਾ ਸਵਦੇਸ਼ੀ ਅੰਦੋਲਨ ਦੀ ਪਹਿਲੀ ਕਤਾਰ ਵਿੱਚ ਖੜ੍ਹੀ ਹੋਵੇਗੀ। ਇਸ ਸਵਦੇਸ਼ੀ ਸੰਕਲਪ ਯਾਤਰਾ ਵਿੱਚ ਸਵਦੇਸ਼ੀ ਸੁਰੱਖਿਆ ਅਤੇ ਸਵਾਵਲੰਬਨ ਅਭਿਆਨ ਦੇ ਸਾਰੇ ਅਧਿਕਾਰੀ, ਕਾਰਜਕਾਰੀ ਮੈਂਬਰ, ਕਾਲਕਾ ਵਿਧਾਨ ਸਭਾ ਭਾਜਪਾ ਦੇ ਸਾਰੇ ਅਧਿਕਾਰੀ, ਕਾਰਜਕਾਰੀ ਮੈਂਬਰ, ਵਰਕਰ, ਸਥਾਨਕ ਨਾਗਰਿਕ ਆਦਿ ਮੌਜੂਦ ਸਨ।



# ਮੇਅਰ ਰੇਣੂ ਬਾਲਾ ਗੁਪਤਾ ਨੂੰ ਆਲ ਇੰਡੀਆ ਮੇਅਰ ਕੌਂਸਲ ਦੀ ਪ੍ਰਧਾਨ ਬਣਨ 'ਤੇ ਵਧਾਈਆਂ ਅਤੇ ਸ਼ੁਭਕਾਮਨਾਵਾਂ

ਕਰਨਾਲ, 8 ਸਤੰਬਰ (ਪਰਮਜੀਤ ਕੌਰ): ਛੱਠ ਪਰਵ ਸੇਵਾ ਸਮਿਤੀ ਮੰਡਲ (ਸੂਰਿਆ ਮੰਦਰ) ਦਾ ਇੱਕ ਵਫ਼ਦ ਮੇਅਰ ਰੇਣੂ ਬਾਲਾ ਗੁਪਤਾ ਅਤੇ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਬ੍ਰਿਜ ਗੁਪਤਾ ਨੂੰ ਮਿਲਿਆ। ਮੇਅਰ ਰੇਣੂ ਬਾਲਾ ਗੁਪਤਾ ਨੂੰ ਆਲ ਇੰਡੀਆ ਮੇਅਰ ਕੌਂਸਲ ਦੀ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ ਗਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਅਤੇ ਮਠਿਆਈਆਂ ਖੁਆ ਕੇ ਵਧਾਈ ਦਿੱਤੀ ਗਈ। ਇਸ ਮੌਕੇ 'ਤੇ ਛੱਠ ਪਰਵ ਸੇਵਾ ਸਮਿਤੀ ਮੰਡਲ ਦੇ ਮੁਖੀ ਸੁਰੇਸ਼ ਕੁਮਾਰ ਯਾਦਵ ਨੇ ਕਿਹਾ ਕਿ ਮੇਅਰ ਰੇਣੂ ਬਾਲਾ ਗੁਪਤਾ ਦੀ ਅਗਵਾਈ ਹੇਠ ਕਰਨਾਲ ਨੂੰ ਪੂਰੇ ਭਾਰਤ ਵਿੱਚ ਮਾਨਤਾ ਪ੍ਰਾਪਤ ਹੋਈ ਹੈ। ਕਰਨਾਲ ਲਗਾਤਾਰ ਵਿਕਾਸ ਵੱਲ ਵਧ ਰਿਹਾ ਹੈ। ਹਾਲ ਹੀ ਵਿੱਚ, ਕਰਨਾਲ ਸਫਾਈ ਦਰਜਾਬੰਦੀ ਵਿੱਚ ਤੀਜੇ ਸਥਾਨ 'ਤੇ ਸੀ। ਇਹ ਸਭ ਮੇਅਰ ਰੇਣੂ ਬਾਲਾ ਗੁਪਤਾ ਦੇ ਯਤਨਾਂ ਸਦਕਾ ਪ੍ਰਾਪਤ ਹੋਇਆ ਹੈ। ਇਸ ਮੌਕੇ 'ਤੇ ਮੇਅਰ ਰੇਣੂ ਬਾਲਾ ਗੁਪਤਾ ਨੇ ਕਿਹਾ ਕਿ ਕਰਨਾਲ ਦੇ ਲੋਕਾਂ ਨਾਲ ਮਿਲ ਕੇ, ਅਸੀਂ ਇਸਨੂੰ ਸਫਾਈ ਅਤੇ ਵਿਕਾਸ ਦੇ ਮਾਮਲੇ ਵਿੱਚ ਦੇਸ਼ ਦਾ ਨੰਬਰ ਇੱਕ ਸ਼ਹਿਰ ਬਣਾਵਾਂਗੇ। ਇਸ ਮੌਕੇ ਅਰਜੁਨ ਪੰਡਿਤ, ਉਮੇਸ਼ ਚੌਹਾਨ, ਰੋਹਿਤ ਕੁਮਾਰ, ਰਾਮ ਦਿਆਲ ਯਾਦਵ, ਸ਼ਤਰੂਘਨ ਰਾਏ, ਰਾਮ ਸਾਗਰ, ਮੁਨਸ਼ੀ ਰਾਏ, ਭੋਲਾ ਰਾਏ, ਰਾਜੇਸ਼ਵਰ, ਸਿਕੰਦਰ ਮਹਿਤਾ, ਨਗੇਂਦਰ ਮਹਿਤਾ, ਨੰਦ ਕਿਸ਼ੋਰ, ਭੂਸ਼ਣ ਰਾਏ, ਅਰਵਿੰਦ ਰਾਏ, ਅਸ਼ੋਕ ਯਾਦਵ, ਦਿਲੀਪ ਕੁਮਾਰ, ਦਿਵਾਕਰ ਪ੍ਰਸਾਦ, ਵਸ਼ਿਸ਼ਠ ਪੰਡਿਤ, ਰਾਮੂ ਪੰਡਿਤ, ਅਨਿਲ, ਰਾਮ ਕੁਮਾਰ, ਰਾਮ ਸਕਲ, ਸਤਨਾਰਾਇਣ ਪੰਡਿਤ ਅਤੇ ਰਾਜਨ ਪੰਡਿਤ ਮੌਜੂਦ ਸਨ।

# ਬੈਂਤਾਂ ਡਰੇਨ ਦੀ ਚੌੜਾਈ ਵਧਾਉਣ ਅਤੇ ਮੁਆਵਜ਼ਾ ਦੇਣ ਦੀ ਮੰਗ

ਸ਼ਾਹਾਬਾਦ ਮਾਰਕੰਡਾ, 8 ਸਤੰਬਰ (ਰੂਬੀ): ਸ਼ਾਹਾਬਾਦ ਖੇਤਰ ਦੇ ਛਪਰਾ, ਛਪਰੀ, ਤਯੋਦਾ, ਤਯੋਦੀ, ਮਛਰੌਲੀ ਅਤੇ ਬਕਾਨਾ ਪਿੰਡਾਂ ਦੇ ਕਿਸਾਨਾਂ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਮੰਗ ਪੱਤਰ ਸੌਂਪਿਆ ਜਿਸ ਵਿੱਚ ਬੈਂਤਾਂ ਡਰੇਨ ਦੀ ਚੌੜਾਈ 100 ਫੁੱਟ ਵਧਾਉਣ ਅਤੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ। ਕਿਸਾਨਾਂ ਦੀ ਅਗਵਾਈ ਇਨੈਲੋ ਬਲਾਕ ਪ੍ਰਧਾਨ ਸੂਬੇ ਸਿੰਘ ਉਜਲਾ ਨੇ ਕੀਤੀ। ਸੂਬੇ ਸਿੰਘ ਨੇ ਕਿਹਾ ਕਿ ਬੈਂਤਾਂ ਡਰੇਨ ਸਾਲ 2000 ਵਿੱਚ ਬਣਾਇਆ ਗਿਆ ਸੀ ਤਾਂ ਜੋ ਸ਼ਾਹਾਬਾਦ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿੱਚੋਂ ਬਰਸਾਤੀ ਪਾਣੀ ਨੂੰ ਅੱਗੇ ਵਧਾਇਆ ਜਾ ਸਕੇ। ਇਹ ਕੁਝ ਸਾਲਾਂ ਲਈ ਲਾਭਦਾਇਕ ਸੀ, ਪਰ ਸਮੇਂ ਸਿਰ ਸਫਾਈ, ਮੁਰੰਮਤ ਅਤੇ ਚੌੜਾਈ ਨਾ ਵਧਾਉਣ ਕਾਰਨ ਇਹ ਡਰੇਨ ਹੁਣ ਕਿਸਾਨਾਂ ਲਈ ਸਰਾਪ ਬਣ ਗਿਆ ਹੈ। ਜਿਵੇਂ ਹੀ ਮੀਂਹ ਪੈਂਦਾ ਹੈ, ਇਹ ਪਾਣੀ ਨੂੰ ਰੋਕਦਾ ਹੈ ਅਤੇ ਖੇਤ ਤਲਾਅ ਬਣ ਜਾਂਦੇ ਹਨ। ਇਸ ਵਾਰ ਵੀ ਕਿਸਾਨਾਂ ਦੀਆਂ ਝੋਨਾ ਅਤੇ ਹੋਰ ਸਾਉਣੀ ਦੀਆਂ ਫਸਲਾਂ ਪਾਣੀ ਵਿੱਚ ਡੁੱਬ ਕੇ ਪੂਰੀ ਤਰ੍ਹਾਂ ਤਬਾਹ ਹੋ ਗਈਆਂ।



ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਵਾਰ-ਵਾਰ ਸ਼ਿਕਾਇਤ ਕੀਤੀ ਪਰ ਪ੍ਰਸ਼ਾਸਨ ਨੇ ਸਿਰਫ਼ ਭਰੋਸਾ ਦਿੱਤਾ। ਜੇਕਰ ਸਰਕਾਰ ਨੇ ਅਜੇ ਵੀ ਧਿਆਨ ਨਾ ਦਿੱਤਾ ਤਾਂ ਭਵਿੱਖ ਵਿੱਚ ਇੱਕ ਵੱਡੀ ਆਫ਼ਤ ਆਵੇਗੀ। ਸਰਕਾਰ ਨੂੰ ਤੁਰੰਤ ਡਰੇਨ ਦੀ ਸਫਾਈ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ, ਇਸਦੀ ਚੌੜਾਈ ਅਤੇ ਡੂੰਘਾਈ ਵਧਾਉਣੀ ਚਾਹੀਦੀ ਹੈ ਅਤੇ ਜਿਨ੍ਹਾਂ ਕਿਸਾਨਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।



# ਸਰਕਾਰ ਨੇ ਲੋਕਾਂ ਨੂੰ ਰੱਬ ਦੇ ਰਹਿਮ 'ਤੇ ਛੱਡ ਦਿੱਤਾ : ਸ਼ੈਲਜਾ

ਨਰਵਾਣਾ, 8 ਸਤੰਬਰ (ਨਰਿੰਦਰ ਸਿੰਘਮਾਰ): ਇੱਕ ਪਾਸੇ, ਹਰਿਆਣਾ ਵਿੱਚ ਭਾਰੀ ਬਾਰਿਸ਼ ਕਾਰਨ ਲੋਕਾਂ ਦਾ ਜੀਵਨ ਅਰਾਜਕ ਹੋ ਗਿਆ ਹੈ, ਦੂਜੇ ਪਾਸੇ, ਨਰਵਾਣਾ ਵਿਧਾਨ ਸਭਾ ਦੇ ਪਿੰਡਾਂ ਵਿੱਚ ਸਥਿਤੀ ਬਦ ਤੋਂ ਬਦਤਰ ਹੋ ਗਈ ਹੈ। ਖੇਤਾਂ ਵਿੱਚ ਪਾਣੀ ਭਰਨ ਕਾਰਨ ਕਿਸਾਨਾਂ ਦੀ ਮਿਹਨਤ ਪੂਰੀ ਤਰ੍ਹਾਂ ਬਰਬਾਦ ਹੋ ਗਈ ਹੈ। ਪਿੰਡ ਵਾਸੀਆਂ ਦੇ ਘਰ ਡੁੱਬ ਗਏ ਹਨ। ਇਸ ਸਥਿਤੀ ਦਾ ਜਾਇਜ਼ਾ ਲੈਣ ਲਈ, ਸਿਰਸਾ ਤੋਂ ਸੰਸਦ ਮੈਂਬਰ ਅਤੇ ਸੀਨੀਅਰ ਕਾਂਗਰਸ ਨੇਤਾ ਕੁਮਾਰੀ ਸ਼ੈਲਜਾ ਨੇ ਨਰਵਾਣਾ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ। ਕੁਮਾਰੀ ਸ਼ੈਲਜਾ ਨੇ ਜਾਜਨਵਾਲਾ, ਦਾਨੋਦਾ, ਭੀਖਵਾਲਾ ਅਤੇ ਫਰੈਨ ਪਿੰਡਾਂ ਵਿੱਚ ਪਹੁੰਚ ਕੇ ਲੋਕਾਂ ਨਾਲ ਗੱਲ ਕੀਤੀ ਅਤੇ ਸਥਿਤੀ ਦੀ ਗੰਭੀਰਤਾ ਨੂੰ ਸਮਝਿਆ। ਉਨ੍ਹਾਂ ਨੇ ਮੌਕੇ 'ਤੇ ਦੇਖਿਆ ਕਿ ਖੇਤਾਂ ਵਿੱਚ ਖੜ੍ਹੀਆਂ ਫਸਲਾਂ ਪਾਣੀ ਵਿੱਚ ਡੁੱਬ ਗਈਆਂ ਹਨ ਅਤੇ ਘਰ ਗੋਡਿਆਂ ਤੱਕ ਪਾਣੀ ਨਾਲ ਭਰ ਗਏ ਹਨ। ਇਹ ਸਰਕਾਰ ਦੀ ਪੂਰੀ ਤਰ੍ਹਾਂ ਅਸਫਲਤਾ ਹੈ। ਹੜ੍ਹਾਂ ਅਤੇ ਪਾਣੀ ਭਰਨ ਵਰਗੀਆਂ ਆਫ਼ਤਾਂ ਨਾਲ ਨਜਿੱਠਣ ਲਈ ਕੋਈ ਤਿਆਰੀ ਨਹੀਂ ਕੀਤੀ ਗਈ ਅਤੇ ਨਾ ਹੀ ਹੁਣ ਕੋਈ ਰਾਹਤ ਦਿੱਤੀ ਜਾ ਰਹੀ ਹੈ। ਜਨਤਾ ਨੂੰ ਆਪਣੇ ਆਪ ਨੂੰ ਸੰਭਾਲਣ ਲਈ ਛੱਡ ਦਿੱਤਾ ਗਿਆ ਹੈ, ਜੋ ਕਿ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਪੂਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ, ਉਨ੍ਹਾਂ ਨੂੰ ਅਜੇ ਤੱਕ ਕੋਈ ਮੁਆਵਜ਼ਾ ਨਹੀਂ ਮਿਲਿਆ ਹੈ। ਰਾਹਤ ਕੈਂਪ, ਦਵਾਈਆਂ, ਪੀਣ ਵਾਲੇ ਪਾਣੀ ਵਰਗੀਆਂ ਮੁੱਢਲੀਆਂ ਸਹੂਲਤਾਂ ਦਾ ਵੀ ਪ੍ਰਬੰਧ ਨਹੀਂ ਕੀਤਾ ਗਿਆ ਹੈ। ਸਾਬਕਾ ਚੇਅਰਮੈਨ ਹਵਾ ਸਿੰਘ ਜਾਜਨਵਾਲਾ, ਕੌਂਸਲਰ ਆਸ਼ੂਤੋਸ਼ ਸ਼ਰਮਾ, ਸਤਬੀਰ ਡਬਲੈਨ, ਸੰਦੀਪ ਲੌਟ, ਈਸ਼ਵਰ ਭੀਖਵਾਲਾ, ਕਰਨ ਨੈਨ, ਜ਼ਿਲ੍ਹਾ ਮਹਿਲਾ ਕਾਂਗਰਸ ਪ੍ਰਧਾਨ ਲਾਜਵੰਤੀ ਦਹੌਲਾ, ਬਿੰਦਰਾ ਫਰੈਨ, ਰਿਸ਼ੀਪਾਲ ਨੰਬਰਦਾਰ, ਪਾਲਾ ਮਲਿਕ, ਸੁਨੀਲ ਨੈਨ ਦਨੋਡਾ, ਬਿਰਸਾਲ ਦਨੋਡਾ, ਇੰਦਰ ਜਾਜਨਵਾਲਾ ਅਤੇ ਕਈ ਕਾਂਗਰਸੀ ਅਧਿਕਾਰੀ ਅਤੇ ਵਰਕਰ ਸੰਸਦ ਮੈਂਬਰ ਨਾਲ ਦੌਰੇ ਦੌਰਾਨ ਮੌਜੂਦ ਸਨ।

# ਵਿਸ਼ੇਸ਼ ਉਪਲਬਧੀਆਂ ਪ੍ਰਾਪਤ ਕਰਨ ਵਾਲੀ ਮਹਿਲਾਵਾਂ ਨੂੰ ਦਿੱਤੇ ਜਾਣਗੇ ਸੂਬਾ ਪੱਧਰੀ ਪੁਰਸਕਾਰ

### ਬਿਨੈ ਕਰਨ ਦੀ ਆਖੀਰੀ ਮਿੱਤੀ 26 ਦਸੰਬਰ, ਕੌਮਾਂਤਰੀ ਮਹਿਲਾ ਦਿਵਸ 'ਤੇ ਪ੍ਰਦਾਨ ਕੀਤੇ ਜਾਣਗੇ ਪੁਰਸਕਾਰ

ਚੰਡੀਗੜ੍ਹ, 8 ਸਤੰਬਰ (ਅੰਮ੍ਰਿਤਪਾਲ ਸਿੰਘ) ਹਰਿਆਣਾ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਉਪਲਬਧੀਆਂ ਪ੍ਰਾਪਤ ਕਰਨ ਵਾਲੀ ਮਹਿਲਾਵਾਂ ਦੇ ਰਾਜ ਪੱਧਰੀ ਮਹਿਲਾ ਪੁਰਸਕਾਰ ਲਈ ਬਿਨੈ ਮੰਗੇ ਗਏ ਹਨ, ਬਿਨੈ ਕਰਨ ਦੀ ਆਖੀਰੀ ਮਿੱਤੀ 26 ਦਸੰਬਰ ਹੈ। ਇਛੁੱਕ ਮਹਿਲਾਵਾਂ ਮਹਿਲਾ ਅਤੇ ਬਾਲ ਵਿਕਾਸ ਦਫਤਰ ਵਿੱਚ 26 ਦਸੰਬਰ ਤੱਕ ਆਪਣੇ ਬਿਨੈ ਜਮ੍ਹਾ ਕਰਵਾ ਸਕਦੀ ਹੈ। ਇਹ ਪੁਰਸਕਾਰ 8 ਮਾਰਚ ਨੂੰ ਕੌਮਾਂਤਰੀ ਮਹਿਲਾ ਦਿਵਸ 'ਤੇ ਪ੍ਰਦਾਨ ਕੀਤੇ ਜਾਣਗੇ। ਇੱਕ ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇੰਦਰਾਂ ਗਾਂਧੀ ਮਹਿਲਾ ਸ਼ਕਤੀ ਪੁਰਸਕਾਰ ਲਈ ਇੱਕ ਲੱਖ 50 ਹਜਾਰ ਰੁਪਏ ਤੇ ਪ੍ਰਸ਼ਸਤੀ ਪੱਤਰ, ਕਲਪਣਾ ਚਾਵਲਾ ਸ਼ੌਰਿਆ ਪੁਰਸਕਾਰ ਲਈ ਇੱਕ ਲੱਖ ਰੁਪਏ ਤੇ ਪ੍ਰਸ਼ਸਤੀ ਪੱਤਰ, ਭੈਣ ਛੰਨੋ ਦੇਵੀ ਪੰਚਾਇਤੀ ਰਾਜ ਪੁਰਸਕਾਰ ਲਈ ਇੱਕ ਲੱਖ ਰੁਪਏ ਤੇ ਪ੍ਰਸ਼ਸਤੀ ਪੱਤਰ ਦਿੱਤਾ ਜਾਵੇਗਾ। ਲਾਇਫ ਟਾਇਮ ਅਚੀਵਮੈਂਟ ਅਵਾਰਡ ਲਈ 51 ਹਜਾਰ ਤੇ ਪ੍ਰਸ਼ਸਤੀ ਪੱਤਰ ਦਿੱਤਾ ਜਾਵੇਗਾ। ਉਨ੍ਹਾਂ ਨੇ ਦਸਿਆ ਕਿ ਵਧੀਆ ਪ੍ਰਦਰਸ਼ਨ ਕਰਨ ਵਾਲੀ ਮਹਿਲਾਵਾਂ ਨੂੰ ਵੱਖ-ਵੱਖ ਅੱਠ ਸ਼੍ਰੇਣੀਆਂ ਵਿੱਚ 21-21 ਹਜਾਰ ਰੁਪਏ ਤੇ ਪ੍ਰਸ਼ਸਤੀ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਸਬੰਧ ਵਿੱਚ ਹੋਰ ਵਧੇਰੇ ਜਾਣਕਾਰੀ ਲਈ ਕਿਸੇ ਵੀ ਕਾਰਜ ਦਿਨ ਨੂੰ ਮਹਿਲਾ ਅਤੇ ਬਾਲ ਵਿਕਾਸ ਦਫਤਰ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ। ਬਿਨੈ ਨਾਲ ਸਬੰਧਿਤ ਵਧੇਰੇ ਜਾਣਕਾਰੀ ਲਈ ਡਬਲਿਯੂਸੀਡੀਐਚਆਰਵਾਈ ਡਾਟ ਜੀਓਵੀ ਡਾਟ ਇਨ ਵੈਬਸਾਇਟ 'ਤੇ ਵਿਜਿਟ ਕਰਨ।




# ਚਿਰਾਗ ਪਬਲਿਕ ਸਕੂਲ ਨਰਵਾਣਾ ਦੇ ਅਧਿਆਪਕਾਂ ਨੂੰ ਮਿਲਿਆ ਸਨਮਾਨ, ਸਕੂਲ ਨੂੰ ਮਿਲੀ ਪ੍ਰਸਿੱਧੀ

ਨਰਵਾਣਾ, 8 ਸਤੰਬਰ (ਨਰਿੰਦਰ ਸਿੰਘਮਾਰ): ਅਧਿਆਪਕ ਦਿਵਸ 2025 ਦੇ ਮੌਕੇ 'ਤੇ, ਚਿਰਾਗ ਪਬਲਿਕ ਸਕੂਲ, ਨਰਵਾਣਾ ਲਈ ਇੱਕ ਮਾਣ ਵਾਲਾ ਪਲ ਆਇਆ ਜਦੋਂ ਸਕੂਲ ਦੇ ਪ੍ਰਿੰਸੀਪਲ ਅਤੇ ਇੱਕ ਅਧਿਆਪਕ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਦੋ ਵੱਕਾਰੀ ਸੰਸਥਾਵਾਂ ਦੁਆਰਾ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ, ਰਮੇਸ਼ ਵਤਸ, ਨੂੰ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਅਤੇ ਪ੍ਰੇਰਨਾਦਾਇਕ ਅਗਵਾਈ ਲਈ ਮਨਾਇਆ ਗਿਆ। ਇਹ ਸਮਾਗਮ ਜੀਂਦ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਸਿੱਖਿਆ ਦੀ ਦੁਨੀਆ ਨਾਲ ਜੁੜੀਆਂ ਕਈ ਸ਼ਖਸੀਅਤਾਂ ਨੇ ਹਿੱਸਾ ਲਿਆ। ਸਕੂਲ ਦੇ ਸਮਰਪਿਤ ਅਧਿਆਪਕ ਰਿਜ਼ਵਾਨ ਨੂੰ ਭਾਰਤ ਵਿਕਾਸ ਪ੍ਰੀਸ਼ਦ, ਕੇਸ਼ਵ ਸ਼ਾਖਾ ਦੁਆਰਾ ਉਨ੍ਹਾਂ ਦੇ ਮਿਹਨਤੀ ਸੁਭਾਅ, ਸਮਰਪਣ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਪੂਰੇ ਸਕੂਲ ਪਰਿਵਾਰ ਨੇ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਨਮਾਨ ਸਿਰਫ਼ ਅਧਿਆਪਕਾਂ ਦੀ ਨਿੱਜੀ ਸਫਲਤਾ ਨਹੀਂ ਹੈ, ਸਗੋਂ ਪੂਰੇ ਸਕੂਲ ਭਾਈਚਾਰੇ ਦੀ ਸਖ਼ਤ ਮਿਹਨਤ ਅਤੇ ਵਚਨਬੱਧਤਾ ਦਾ ਨਤੀਜਾ ਹੈ। ਅਜਿਹੇ ਸਨਮਾਨ ਅਧਿਆਪਕਾਂ ਨੂੰ ਸਮਾਜ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਹੋਰ ਜੋਸ਼ ਅਤੇ ਉਤਸ਼ਾਹ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦੇ ਹਨ। ਸਾਡੇ ਅਧਿਆਪਕ ਸਿੱਖਿਆ ਦੇ ਮੰਦਰ ਦੇ ਸੱਚੇ ਥੰਮ੍ਹ ਹਨ। ਭਾਰਤ ਵਿਕਾਸ ਪ੍ਰੀਸ਼ਦ, ਕੇਸ਼ਵ ਸ਼ਾਖਾ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਅਧਿਆਪਕ ਸਤਿਕਾਰ ਦੀ ਸੰਸਕ੍ਰਿਤੀ ਨੂੰ ਮਜ਼ਬੂਤ ? ?ਕਰਦੇ ਹਨ ਅਤੇ ਸਿੱਖਿਆ ਪ੍ਰਣਾਲੀ ਵਿੱਚ ਸਕਾਰਾਤਮਕ ਊਰਜਾ ਭਰਦੇ ਹਨ।

# ਮੰਤਰੀ ਕ੍ਰਿਸ਼ਣ ਲਾਲ ਪੰਵਾਰ ਨੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਦਿੱਤਾ ਇੱਕ ਮਹੀਨੇ ਦਾ ਵੇਤਨ

### ਪੰਚਾਇਤ ਮੰਤਰੀ ਦੀ ਅਪੀਲ- ਸਾਰੇ ਜਨਪ੍ਰਤੀਨਿਧੀ, ਅਧਿਕਾਰੀ, ਕਰਮਚਾਰੀ ਆਪਣੀ ਸੈਲਰੀ ਮੁੱਖ ਮੰਤਰੀ ਰਾਹਤ ਫੰਡ ਵਿੱਚ ਦੇ ਦਾ ਕੰਮ ਕਰਨ

ਚੰਡੀਗੜ੍ਹ, 8 ਸਤੰਬਰ (ਅੰਮ੍ਰਿਤਪਾਲ ਸਿੰਘ) ਸੂਬੇ ਦੇ ਪੰਚਾਇਤ ਮੰਤਰੀ ਕ੍ਰਿਸ਼ਣ ਲਾਲ ਪੰਵਾਰ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਸਰਕਾਰ ਆਪਣੇ ਪੱਧਰ 'ਤੇ ਕਦਮ ਚੁੱਕਦੀ ਹੈ ਪਰ ਮੁਸ਼ਕਲ ਦੇ ਇਸ ਸਮੇਂ ਵਿੱਚ ਸਰਵ ਸਮਾਜ ਦਾ ਸਹਿਯੋਗ ਵੀ ਜਰੂਰੀ ਹੈਸ ਪ੍ਰਭਾਵਿਤ ਪਰਿਵਾਰਾਂ ਨੂੰ ਮਦਦ ਲਈ ਲੋਕਾਂ ਦੇ ਅੰਦਰ ਇੱਕ ਭਾਵ ਹੋਣਾ ਚਾਹੀਦਾ ਹੈ। ਮੰਤਰੀ ਪੰਵਾਰ ਨੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਸੂਬੇ ਦੇ ਵਿਕਾਸ ਅਤੇ ਪੰਚਾਇਤ ਅਤੇ ਖਨਨ ਮੰਤਰੀ ਦੇ ਨਾਤੇ ਆਪਣੀ ਇੱਕ ਮਹੀਨੇ ਦੀ ਸੈਲਰੀ ਐਤਵਾਰ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਇਸ ਦੇ ਬਾਅਦ ਸੂਬੇ ਦੇ ਸਾਰੇ ਜਨਪ੍ਰਤੀਨਿਧੀਆਂ, ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵੀ ਅਪੀਲ ਕੀਤੀ ਕਿ ਘੱਟ ਤੋਂ ਘੱਟ ਇੱਕ ਦਿਨ ਤੋਂ ਲੈ ਕੇ ਇੱਕ ਮਹੀਨੇ ਤੱਕ ਦੀ ਸੈਲਰੀ ਮੁੱਖ ਮੰਤਰੀ ਰਾਹਤ ਫੰਡ ਵਿੱਚ ਦੇਣ ਦਾ ਕੰਮ ਕਰਨ, ਕਿਉਂਕਿ ਇਹ ਸਮੇਂ ਹੈ ਇੱਕਜੁਟਤਾ ਦਿਖਾਉਣ ਦਾ, ਇਹ ਸਮੇਂ ਹੈ ਸਰਕਾਰ ਅਤੇ ਪ੍ਰਸ਼ਾਸ਼ਨ ਦੇ ਨਾਲ ਖੜੇ ਹੋਣ ਦਾ। ਉਨ੍ਹਾਂ ਨੇ ਕਿਹਾ ਕਿ ਇਹ ਸਮੇਂ ਹੈ ਉਨ੍ਹਾਂ ਪਰਿਵਾਰਾਂ ਨੂੰ ਹਮਦਰਦੀ ਦੇਣ ਦਾ ਜੋ ਅੱਜ ਜਲ੍ਹਭਰਾਵ ਅਤੇ ਹੜ੍ਹ ਦੇ ਕਾਰਨ ਮੁਸ਼ਕਲ ਮਹਿਸੂਸ ਕਰ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਕੈਬੀਨੈਟ ਮੰਤਰੀ ਪੰਵਾਰ ਨੇ ਕਿਹਾ ਕਿ ਕੁਦਰਤੀ ਆਪਦਾ ਦੇ ਇਸ ਸਮੇਂ ਵਿੱਚ ਸਾਡੀ ਸਾਰਿਆਂ ਦੀ ਇਹ ਜਿਮੇਵਾਰੀ ਬਣਦੀ ਹੈ ਕਿ ਅਸੀਂ ਪਰੇਸ਼ਾਨੀਆਂ ਤੇ ਮੁਸ਼ਕਲ ਨਾਲ ਜੂਝ ਰਹੇ ਪੰਜਾਬ, ਹਿਮਾਚਲ ਤੇ ਨੇੜੇ ਦੇ ਪੀੜਤ ਲੋਕਾਂ ਨੂੰ ਵੱਧ ਤੋਂ ਵੱਧ ਸਹਾਇਤਾ ਪਹੁੰਚਾਉਣ ਉਨ੍ਹਾਂ ਦੇ ਕੰਮ ਆਉਣ, ਅਸੀਂ ਸਾਰਿਆਂ ਦੇ ਸਹਿਯੋਗੀ ਬਨਣ।



# ਸਮਾਜ ਦੀ ਪ੍ਰਗਤੀ ਸਿਖਿਆ ਅਤੇ ਇੱਕਜੁਟਤਾ ਨਾਲ ਸੰਭਵ : ਰਣਬੀਰ ਸਿੰਘ ਗੰਗਵਾ




ਪੰਚਕੂਲਾ 8 ਸਤੰਬਰ (ਸਤੀਸ਼) ਹਰਿਆਣਾ ਦੇ ਜਨ ਸਿਹਤ ਅਤੇ ਇੰਜਨੀਅਰਿੰਗ ਮੰਤਰੀ ਸ੍ਰੀ ਰਣਬੀਰ ਸਿੰਘ ਗੰਗਵਾ ਨੇ ਕਿਹਾ ਕਿ ਸਮਾਜ ਦੀ ਪ੍ਰਗਤੀ ਤਾਂਹੀ ਸੰਭਵ ਹੈ ਜਦੋਂ ਸਾਰੇ ਵਰਗ ਸਿਖਿਆ, ਰੁਜ਼ਗਾਰ ਅਤੇ ਸਮਾਜਿਕ ਉਥਾਨ ਦੇ ਕੰਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ। ਸ੍ਰੀ ਗੰਗਵਾ ਹਿਸਾਰ ਸਥਿਤ ਮਨੁੱਖ ਭਲਾਈ ਕੁਮਹਾਰ ਸਮਾਜ ਸਮਿਤੀ ਵੱਲੋਂ ਆਯੋਜਿਤ ਇੱਕ ਸ਼ਾਨਦਾਬ ਸਨਮਾਨ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਕੈਬੀਨੇਟ ਮੰਤਰੀ ਨੇ ਕਿਹਾ ਕਿ ਜੇਕਰ ਸਮਾਜ ਆਪਸੀ ਭਾਈਚਾਰੇ ਅਤੇ ਸਹਿਯੋਗ ਦੀ ਭਾਵਨਾ ਨਾਲ ਅੱਗੇ ਵਧੇ, ਤਾਂ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਰਹਿ ਸਕਦਾ। ਉਨ੍ਹਾਂ ਨੇ ਇਸ ਸਨਮਾਨ ਸਮਾਰੋਹ ਨੂੰ ਸਮਾਜ ਵਿੱਚ ਨਵੀਂ ਊਰਜਾ ਅਤੇ ਪ੍ਰੇਰਣਾ ਦੇਣ ਵਾਲਾ ਕਦਮ ਦਸਿਆ।

ਉਨ੍ਹਾਂ ਨੇ ਕਿਹਾ ਕਿ ਕੁਮਹਾਰ ਸਮਾਜ ਦੀ ਮਿਹਨਤ, ਲਗਨ ਅਤੇ ਰਿਵਾਇਤੀ ਕਲਾ ਨੇ ਹਮੇਸ਼ਾ ਸਮਾਜ ਵਿੱਚ ਵਿਸ਼ੇਸ਼ ਪਹਿਚਾਣ ਬਣਾਈ ਹੈ। ਅੱਜ ਸਮੇਂ ਦੀ ਮੰਗ ਹੈ ਕਿ ਯੁਵਾ ਵਰਗ ਆਧੁਨਿਕ ਸਿਖਿਆ ਅਤੇ ਤਕਨੀਕ ਨਾਲ ਜੁੜ ਕੇ ਆਪਣੀ ਨਵੀਂ ਪਹਿਚਾਨ ਬਨਾਉਣ ਅਤੇ ਸਮਾਜ ਦਾ ਨਾਮ ਰੋਸ਼ਨ ਕਰਨ।

ਕੈਬੀਨੇਟ ਮੰਤਰੀਰਣਬੀਰ ਸਿੰਘ ਗੰਗਵਾ ਨੇ ਕਿਹਾ ਕਿ ਮਹਿਲਾਵਾਂ ਦੀ ਸਮਾਜਿ ਸੁਰੱਖਿਆ ਅਤੇ ਉਨ੍ਹਾਂ ਨੂੰ ਮਜਬੂਤ ਬਨਾਉਣਾ ਹਰਿਆਣਾ ਸਰਕਾਰ ਦੀ ਸਰਵੋਚ ਪ੍ਰਾਥਮਿਕਤਾ ਹੈ। ਵਿਕਸਿਤ ਭਾਰਤ ਦੀ ਅਵਧਾਰਣਾ ਵਿੱਚ ਮਹਿਲਾਵਾਂ ਦੀ ਅਹਿਮ ਭਾਗੀਦਾਰੀ ਹੈ, ਇਸ ਲਈ ਕੇਂਦਰ ਤੇ ਸੂਬਾ ਸਰਕਾਰ ਨੇ ਮਹਿਲਾਵਾਂ ਨੂੰ ਮਜਬੂਤ ਅਤੇ ਆਰਥਕ ਰੂਪ ਤੋਂ ਖੁਸ਼ਹਾਲ ਕਰਨ ਲਈ ਕਈ ਯੋਜਨਾਵਾਂ ਚਲਾਈਆਂ ਹਨ। ਇਸੀ ਲੜੀ ਵਿੱਚ ਸੂਬੇ ਵਿੱਚ ਦੀਨ ਦਿਆਲ ਲਾਡੋ ਲੱਛਮੀ ਯੋਜਨਾ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਕੈਬੀਨੇਟ ਮੰਤਰੀ ਨੇ ਦਸਿਆ ਕਿ ਭਾਰੀ ਬਰਸਾਤ ਨਾਲ ਉਤਪਨ ਜਲ੍ਹਭਰਾਵ ਦੀ ਸਥਿਤੀ 'ਤੇ ਪ੍ਰਸ਼ਾਸ਼ਨਿਕ ਅਧਿਕਾਰੀ ਤੇ ਵਿਭਾਗ ਦੇ ਕਰਮਚਾਰੀ ਲਗਾਤਾਰ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰ ਰਹੇ ਹਨ ਅਤੇ ਜਲਭਰਾਵ ਨੂੰ ਜਲਦੀ ਤੋਂ ਜਲਦੀ ਖਤਮ ਕਰਨ ਲਈ ਪੰਪਾਂ ਤੇ ਮਸ਼ੀਨਰੀ ਦੀ ਸਹਾਇਤਾ ਲਈ ਜਾ ਰਹੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸੇ ਵੀ ਹਾਲਾਤ ਵਿੱਚ ਆਮ ਜਨਤਾ ਨੂੰ ਅਸੂਹਲਤ ਨਾ ਹੋਵੇ ਅਤੇ ਜਲ੍ਹ ਨਿਕਾਸੀ ਦਾ ਕੰਮ ਪ੍ਰਾਥਮਿਕਤਾ @ਤੇ ਪੂਰਾ ਕੀਤਾ ਜਾਵੇ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅਫਵਾਹਾਂ ਤੋਂ ਦੂਰ ਰਹਿਣ ਅਤੇ ਪ੍ਰਸ਼ਾਸ਼ਨ ਨਾਲ ਸਹਿਯੋਗ ਕਰਨ


## ਮੁੱਖ ਮੰਤਰੀ ਰਾਹਤ ਫੰਡ ਵਿੱਚ ਦਿੱਤਾ ਇੱਕ ਮਹੀਨੇ ਦਾ ਵੇਤਨ

ਹਰਿਆਣਾ ਵਿੱਚ ਪਿਛਲੇ ਦਿਨਾਂ ਹੋਈ ਭਾਰੀ ਬਰਸਾਤ ਨਾਲ ਕਈ ਜਿਲ੍ਹਿਆਂ ਵਿੱਚ ਜਨਜੀਵਨ ਪ੍ਰਭਾਵਿਤ ਹੋਇਆ ਹੈ। ਹਾਲਾਤ ਨਾਲ ਨਜਿਠਣ ਅਤੇ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਸੂਬਾ ਸਰਕਾਰ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਲਗਾਤਾਰ ਯਤਨਸ਼ੀਲ ਹੈ। ਇਸੀ ਲੜੀ ਵਿੱਚ ਹਰਿਆਣਾ ਦੇ ਜਨਸਿਹਤ ਇੰਜੀਨੀਅਰਿੰਗ ਅਤੇ ਲੋਕਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਸ਼ਲਾਘਾਯੋਗ ਪਹਿਲ ਕਰਦੇ ਹੋਏ ਆਪਣੀ ਇੱਕ ਮਹੀਨੇ ਦੀ ਤਨਖਾਹ ਮੁੱਖ ਮੰਤਰੀ ਰਾਹਤ ਫੰਡ ਵਿੱਚ ਦਿੱਤੀ ਹੈ।

ਉਨ੍ਹਾਂ ਨੇ ਕਿਹਾ ਕਿ ਸੰਕਟ ਦੇ ਇਸ ਸਮੇਂ ਵਿੱਚ ਹਰਿਆਣਾ ਦਾ ਹਰ ਨਾਗਰਿਕ ਇੱਕ-ਦੂਜੇ ਦੇ ਨਾਲ ਖੜਾ ਹੈ। ਮੁੱਖ ਮੰਤਰੀ ਰਾਹਤ ਫੰਡ ਵਿੱਚ ਦਿੱਤਾ ਗਿਆ ਇਹ ਸਹਿਯੋਗ ਪ੍ਰਭਾਵਿਤ ਲੋਕਾਂ ਦੇ ਪੁਨਰਵਾਸ ਅਤੇ ਰਾਹਤ ਕੰਮਾਂ ਵਿੱਚ ਸਹਿਯੋਗ ਹੋਵੇਗਾ।

# 1984 ਸਿੱਖ ਵਿਰੋਧੀ ਦੰਗੇ ਮਾਮਲਾ: ਸੱਜਣ ਕੁਮਾਰ ਦੀ ਪਟੀਸ਼ਨ ਮਨਜ਼ੂਰ

ਨਵੀਂ ਦਿੱਲੀ 8 ਸਤੰਬਰ (ਅੰਮ੍ਰਿਤਪਾਲ ਸਿੰਘ) ਰਾਊਜ਼ ਐਵੇਨਿਊ ਕੋਰਟ ਸਥਿਤ ਵਿਸ਼ੇਸ਼ ਜੱਜ ਦਿਗਵਿਨੈ ਸਿੰਘ ਦੀ ਅਦਾਲਤ ਨੇ ਸਾਬਕਾ ਕਾਂਗਰਸ ਐੱਮ. ਪੀ. ਸੱਜਣ ਕੁਮਾਰ ਦੀ ਪਟੀਸ਼ਨ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਵਿਚ ਉਨ੍ਹਾਂ 2 ਮੀਡੀਆ ਹਾਊਸਿਜ਼ ਨੂੰ 2 ਨਵੰਬਰ ਤੋਂ 11 ਨਵੰਬਰ 1984 ਵਿਚਾਲੇ ਪ੍ਰਕਾਸ਼ਿਤ ਕੁਝ ਨਿਊਜ਼ ਰਿਪੋਰਟਾਂ ਦੀਆਂ ਪ੍ਰਮਾਣਿਤ ਕਾਪੀਆਂ ਰਿਕਾਰਡ 'ਤੇ ਰੱਖਣ ਦਾ ਹੁਕਮ ਦੇਣ ਦੀ ਮੰਗ ਕੀਤੀ ਸੀ।



ਸੱਜਣ ਕੁਮਾਰ ਜਨਕਪੁਰੀ ਤੇ ਵਿਕਾਸਪੁਰੀ ਪੁਲਸ ਸਟੇਸ਼ਨਾਂ 'ਚ ਦਰਜ ਸਿੱਖ ਵਿਰੋਧੀ ਦੰਗੇ ਮਾਮਲੇ 'ਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ। ਅਰਜ਼ੀ ਮਨਜ਼ੂਰ ਕਰਦੇ ਹੋਏ ਅਦਾਲਤ ਨੇ 2 ਮੀਡੀਆ ਹਾਊਸਿਜ਼ ਨੂੰ ਨਿਊਜ਼ ਰਿਪੋਰਟਾਂ ਦੀ ਪ੍ਰਮਾਣਿਕਤਾ ਦਾ ਸਬੂਤ ਤੇ ਪ੍ਰਿੰਟ ਆਊਟ ਦਾਖਲ ਕਰਨ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਸੱਜਣ ਕੁਮਾਰ ਦੀ ਉਸ ਪਟੀਸ਼ਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਵਿਚ ਉਨ੍ਹਾਂ ਪਿਛਲੇ ਮਾਮਲੇ ਵਿਚ ਇਕ ਗਵਾਹ ਦਾ ਬਿਆਨ ਮੌਜੂਦਾ ਮਾਮਲੇ 'ਚ ਬਚਾਅ ਦੇ ਸਬੂਤ ਵਜੋਂ ਰਿਕਾਰਡ 'ਤੇ ਲੈਣ ਦੀ ਮੰਗ ਕੀਤੀ ਸੀ।

## ਸੰਪਾਦਕੀ

# ਨੁਮਾਇੰਦਿਆਂ 'ਤੇ ਅਪਰਾਧਕ ਮਾਮਲੇ

ਇੱਕ ਆਦਰਸ਼ ਸਿਆਸਤਦਾਨ ਉਹ ਹੁੰਦਾ ਹੈ, ਜੋ ਇਮਾਨਦਾਰ, ਜ਼ਿੰਮੇਵਾਰ ਅਤੇ ਜਨਤਾ-ਪੱਖੀ ਹੋਵੇ। ਜਨਤਾ ਪ੍ਰਤੀ ਪਾਰਦਰਸ਼ਤਾ, ਨਿਰਪੱਖਤਾ ਅਤੇ ਜਵਾਬਦੇਹੀ ਉਨ੍ਹਾਂ ਦੇ ਕੰਮ ਦਾ ਹਿੱਸਾ ਹੋਣੀ ਚਾਹੀਦੀ ਹੈ। ਜੋ ਆਮ ਆਦਮੀ ਦੀਆਂ ਸਮੱਸਿਆਵਾਂ ਅਤੇ ਜ਼ਰੂਰਤਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਉਨ੍ਹਾਂ ਦਾ ਹੱਲ ਕਰਦਾ ਹੈ। ਕਿਸੇ ਵੀ ਜਨਤਕ ਪ੍ਰਤੀਨਿਧੀ ਦਾ ਮੁੱਢਲਾ ਫਰਜ਼ ਹੈ ਕਿ ਉਹ ਸਮਾਜ ਵਿੱਚ ਸਦਭਾਵਨਾ, ਸ਼ਾਂਤੀ, ਸਦਭਾਵਨਾ ਅਤੇ ਸਕਾਰਾਤਮਕ ਕਦਰਾਂ-ਕੀਮਤਾਂ ਨੂੰ ਬਣਾਈ ਰੱਖਣ ਲਈ ਵਚਨਬੱਧ ਰਹੇ। ਪਰ ਜਦੋਂ ਜਨਤਾ ਦਾ ਚੁਣਿਆ ਹੋਇਆ ਪ੍ਰਤੀਨਿਧੀ ਖੁਦ ਅਪਰਾਧਕ ਦੋਸ਼ਾਂ ਦੇ ਘੇਰੇ ਵਿੱਚ ਆ ਜਾਂਦਾ ਹੈ ਤਾਂ ਇਨ੍ਹਾਂ ਸਾਰੇ ਆਦਰਸ਼ਾਂ ਦਾ ਕੀ ਮਹੱਤਵ ਹੈ? ਜਦੋਂ ਅਜਿਹੇ ਮਾਮਲੇ ਵੱਡੀ ਗਿਣਤੀ ਵਿੱਚ ਸਾਹਮਣੇ ਆਉਣ ਲੱਗਦੇ ਹਨ ਤਾਂ ਰਾਜਨੀਤੀ ਵਿੱਚ ਸ਼ੁੱਧਤਾ ਦਾ ਪੱਧਰ ਅਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਚੋਣ ਅਧਿਕਾਰ ਸੰਗਠਨ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏਡੀਆਰ) ਦੀ ਇੱਕ ਤਾਜ਼ਾ ਅਧਿਐਨ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਦੇਸ਼ ਦੇ ਲਗਭਗ 47 ਪ੍ਰਤੀਸ਼ਤ ਮੰਤਰੀਆਂ ਵਿਰੁੱਧ ਅਪਰਾਧਕ ਮਾਮਲੇ ਦਰਜ ਹਨ। ਯਾਨੀ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੇ ਕੁੱਲ ਮੰਤਰੀਆਂ ਵਿੱਚੋਂ ਅੱਧੇ 'ਤੇ ਅਪਰਾਧਕ ਗਤੀਵਿਧੀਆਂ ਦਾ ਦੋਸ਼ ਹੈ। ਇਹ ਅੰਕੜਾ ਆਮ ਲੋਕਾਂ ਲਈ ਹੈਰਾਨ ਕਰਨ ਵਾਲਾ ਅਤੇ ਸੁਚੇਤ ਕਰਨ ਵਾਲਾ ਹੈ। ਸਵਾਲ ਇਹ ਹੈ ਕਿ ਜੇਕਰ ਜਨਤਕ ਪ੍ਰਤੀਨਿਧੀਆਂ ਦਾ ਅਕਸ ਇਸ ਤਰ੍ਹਾਂ ਦਾ ਹੈ, ਤਾਂ ਅਸੀਂ ਕਿਸ ਤਰ੍ਹਾਂ ਦਾ ਸਮਾਜ ਅਤੇ ਰਾਸ਼ਟਰ ਬਣਾ ਰਹੇ ਹਾਂ? ਰਿਪੋਰਟ ਅਨੁਸਾਰ ਮੰਤਰੀਆਂ ਵਿਰੁੱਧ ਦਰਜ ਅਪਰਾਧਕ ਮਾਮਲਿਆਂ ਵਿੱਚ ਕਤਲ, ਅਗਵਾ ਅਤੇ ਔਰਤਾਂ ਵਿਰੁੱਧ ਅਪਰਾਧ ਵਰਗੇ ਗੰਭੀਰ ਦੋਸ਼ ਸ਼ਾਮਲ ਹਨ। ਰਾਸ਼ਟਰੀ ਪੱਧਰ 'ਤੇ 40 ਪ੍ਰਤੀਸ਼ਤ ਕੇਂਦਰੀ ਮੰਤਰੀਆਂ ਨੇ ਆਪਣੇ ਚੋਣ ਹਲਫਨਾਮਿਆਂ ਵਿੱਚ ਆਪਣੇ ਵਿਰੁੱਧ ਦਰਜ ਅਪਰਾਧਕ ਮਾਮਲਿਆਂ ਬਾਰੇ ਜਾਣਕਾਰੀ ਦਿੱਤੀ ਹੈ। ਆਂਧਰਾ ਪ੍ਰਦੇਸ਼, ਤਾਮਿਲਨਾਡੂ, ਬਿਹਾਰ, ਓਡੀਸ਼ਾ, ਮਹਾਰਾਸ਼ਟਰ, ਕਰਨਾਟਕ, ਪੰਜਾਬ, ਤੇਲੰਗਾਨਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਪੁਡੂਚੇਰੀ ਵਿੱਚ 60 ਪ੍ਰਤੀਸ਼ਤ ਤੋਂ ਵੱਧ ਮੰਤਰੀਆਂ ਵਿਰੁੱਧ ਅਪਰਾਧਕ ਮਾਮਲੇ ਦਰਜ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਰਾਜਨੀਤੀ ਵਿੱਚ ਅਪਰਾਧਕ ਅਕਸ ਵਾਲੇ ਨੇਤਾਵਾਂ ਦਾ ਦਬਦਬਾ ਬਿਨਾਂ ਕਿਸੇ ਰੁਕਾਵਟ ਦੇ ਵੱਧ ਰਿਹਾ ਹੈ। ਪਰ ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਦਾਗੀ ਨੇਤਾਵਾਂ ਨੂੰ ਸੰਸਦ ਜਾਂ ਵਿਧਾਨ ਸਭਾ ਵਿੱਚ ਭੇਜਣ ਅਤੇ ਸਰਕਾਰ ਦਾ ਹਿੱਸਾ ਬਣਨ ਦਾ ਮੌਕਾ ਕੌਣ ਦੇ ਰਿਹਾ ਹੈ? ਸਵਾਲ ਇਹ ਵੀ ਹੈ ਕਿ ਜਨਤਾ ਨੂੰ ਕਿਵੇਂ ਪਤਾ ਲੱਗੇਗਾ ਕਿ ਕਿਸ ਨੇਤਾ ਦਾ ਆਚਰਣ ਕਿਹੋ ਜਿਹਾ ਹੈ ਅਤੇ ਉਸ ਵਿਰੁੱਧ ਅਪਰਾਧਕ ਮਾਮਲਾ ਦਰਜ ਹੈ ਜਾਂ ਨਹੀਂ? ਇਸਦਾ ਜਵਾਬ ਚੋਣ ਕਮਿਸ਼ਨ ਦੁਆਰਾ ਚੁੱਕੇ ਗਏ ਕਦਮ ਵਿੱਚ ਹੈ, ਜਿਸ ਵਿੱਚ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਚੋਣਾਂ ਵਿੱਚ ਆਪਣੇ ਉਮੀਦਵਾਰਾਂ ਦਾ ਐਲਾਨ ਕਰਦੇ ਸਮੇਂ ਉਨ੍ਹਾਂ ਵਿਰੁੱਧ ਦਰਜ ਅਪਰਾਧਕ ਮਾਮਲਿਆਂ ਦੀ ਜਾਣਕਾਰੀ ਜਨਤਕ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜੇਕਰ ਕੋਈ ਪਾਰਟੀ ਇਨ੍ਹਾਂ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕਰਦੀ ਹੈ ਤਾਂ ਚੋਣ ਕਮਿਸ਼ਨ ਨੂੰ ਇਸ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ। ਇਹ ਰਿਪੋਰਟ ਉਸ ਸਮੇਂ ਆਈ ਹੈ ਜਦੋਂ ਹਾਲ ਹੀ ਵਿੱਚ ਕੇਂਦਰ ਸਰਕਾਰ ਨੇ ਸੰਸਦ ਵਿੱਚ ਸੰਵਿਧਾਨ ਸੋਧ ਬਿੱਲ ਪੇਸ਼ ਕੀਤਾ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਸਮੇਤ ਮੁੱਖ ਮੰਤਰੀਆਂ ਅਤੇ ਮੰਤਰੀਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾਉਣ ਦੀ ਵਿਵਸਥਾ ਹੈ, ਜੇਕਰ ਉਹ ਗੰਭੀਰ ਅਪਰਾਧਕ ਦੋਸ਼ਾਂ ਵਿੱਚ ਗ੍ਰਿਫ਼ਤਾਰ ਹੋਣ ਤੋਂ ਬਾਅਦ ਤੀਹ ਦਿਨਾਂ ਤੱਕ ਹਿਰਾਸਤ ਵਿੱਚ ਰਹਿੰਦੇ ਹਨ। ਜੇਕਰ ਇਸ ਬਿੱਲ ਨੂੰ ਰਿਪੋਰਟ ਵਿੱਚ ਦਿੱਤੇ ਅੰਕੜਿਆਂ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ, ਤਾਂ ਇਹ ਕੇਂਦਰ ਸਰਕਾਰ ਦੀ ਇੱਕ ਮਹੱਤਵਪੂਰਨ ਪਹਿਲ ਹੈ। ਪਰ ਇਸ ਪਹਿਲੂ 'ਤੇ ਵਿਚਾਰ ਕਰਨਾ ਵੀ ਜ਼ਰੂਰੀ ਹੈ ਕਿ ਨੀਤੀ ਅਤੇ ਇਰਾਦਾ ਦੋਵੇਂ ਸਾਫ਼, ਨਿਰਪੱਖ ਅਤੇ ਪਾਰਦਰਸ਼ੀ ਹੋਣ ਤਾਂ ਹੀ ਸਿਸਟਮ ਵਿੱਚ ਸੁਧਾਰ ਦੀ ਉਮੀਦ ਕੀਤੀ ਜਾ ਸਕਦੀ ਹੈ। ਕਾਨੂੰਨ ਬਣਾਉਣ ਦੇ ਨਾਲ-ਨਾਲ ਇਸਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਸਮੱਸਿਆਵਾਂ ਨੂੰ ਜੜ੍ਹੋਂ ਪੁੱਟਿਆ ਜਾ ਸਕੇ।

**-ਜਗਜੀਤ ਸਿੰਘ ਦਰਦੀ**

# ਪ੍ਰਧਾਨ ਮੰਤਰੀ ਮੋਦੀ ਦਾ ਅੱਜ ਪੰਜਾਬ ਹੜ੍ਹਾਂ ਨੂੰ ਲੈ ਕੇ ਦੌਰਾ



**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅੱਜ ਹੜ੍ਹਾਂ ਬਾਰੇ ਨੁਕਸਾਨ ਦੇ ਸਿਲਸਿਲੇ ਵਿੱਚ ਪੰਜਾਬ ਦੇ ਲੋਕਾਂ ਦਾ ਹਾਲ ਜਾਣਨ ਲਈ ਅਤੇ ਅੱਖੀਂ ਦੇਖਣ ਵਾਸਤੇ ਅੱਜ ਪੰਜਾਬ ਦੌਰੇ 'ਤੇ ਆ ਰਹੇ ਹਨ। ਅੱਜ ਦੇ ਦਿਨ 'ਤੇ ਇਹ ਦੌਰਾ ਇਸ ਲਈ ਵੀ ਮਹੱਤਵਪੂਰਨ ਹੈ ਕਿ ਉਹ ਮੌਕੇ 'ਤੇ ਹੜ੍ਹਾਂ ਦੀ ਸਥਿਤੀ ਦਾ ਮੁਆਇਨਾ ਕਰਨਗੇ ਅਤੇ ਕੁੱਝ ਕਿਸਾਨਾਂ ਨਾਲ ਗੱਲਬਾਤ ਵੀ ਕਰਨਗੇ ਤੇ ਇਸ ਤੋਂ ਬਾਅਦ ਰਾਹਤ ਦੀ ਉਮੀਦ ਕੀਤੀ ਜਾ ਸਕਦੀ ਹੈ।

ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਕਈ ਦਿਨਾਂ ਤੋਂ ਪ੍ਰਧਾਨ ਮੰਤਰੀ ਦੇ ਦੌਰੇ ਦੀ ਤਵੱਕੋ ਕਰ ਰਹੀਆਂ ਸਨ ਤੇ ਇਹ ਠੀਕ ਸਹੀ ਮੌਕੇ 'ਤੇ ਕੀਤਾ ਗਿਆ ਦੌਰਾ ਹੈ ਤੇ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਪ੍ਰਧਾਨ ਮੰਤਰੀ ਦੇ ਇਸ ਦੌਰੇ ਦੇ ਨਾਲ ਰਾਹਤ ਲਈ ਲਾਈਆਂ ਉਮੀਦਾਂ 'ਤੇ ਪੰਜਾਬ ਨੂੰ ਅਤੀ ਜ਼ਰੂਰੀ ਰਾਹਤ ਮਿਲੇਗੀ।

ਪੰਜਾਬ ਵਿੱਚ ਹਾਲ ਹੀ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਨੇ ਸੂਬੇ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ ਹੈ। ਹੜ੍ਹਾਂ ਕਾਰਨ ਹੁਣ ਤੱਕ 48 ਲੋਕਾਂ ਦੀ ਮੌਤ ਹੋ ਚੁੱਕੀ ਹੈ, 1.76 ਲੱਖ ਹੈਕਟੇਅਰ ਫਸਲਾਂ ਬਰਬਾਦ ਹੋ ਗਈਆਂ ਹਨ ਅਤੇ ਲੱਖਾਂ ਲੋਕ ਵਿਸਥਾਪਿਤ ਹੋਏ ਹਨ। ਲਗਭਗ 1,900 ਤੋਂ ਵੱਧ ਪਿੰਡ ਪਾਣੀ ਵਿੱਚ ਡੁੱਬ ਗਏ ਹਨ, ਜਿਸ ਨਾਲ ਲਗਭਗ 3.54 ਲੱਖ ਲੋਕ ਪ੍ਰਭਾਵਿਤ ਹੋਏ ਹਨ। ਇਸ ਵਿਚਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ 9 ਸਤੰਬਰ ਨੂੰ ਪੰਜਾਬ ਦਾ ਦੌਰਾ ਕਰਨ ਵਾਲੇ ਹਨ, ਜਿੱਥੇ ਉਹ ਹੜ੍ਹਾਂ ਨਾਲ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲੈਣਗੇ ਅਤੇ ਕਿਸਾਨਾਂ ਨਾਲ ਗੱਲਬਾਤ ਕਰਨਗੇ। ਇਹ ਦੌਰਾ ਨਾ ਸਿਰਫ਼ ਸੂਬੇ ਦੇ ਲੋਕਾਂ ਲਈ ਰਾਹਤ ਦੀ ਕਿਰਨ ਲਿਆਉਂਦਾ ਹੈ, ਬਲਕਿ ਪਿਛਲੇ ਦਿਨਾਂ ਵਿੱਚ ਚੱਲ ਰਹੇ ਰਾਜਨੀਤਿਕ ਵਿਵਾਦ ਨੂੰ ਵੀ ਠੱਲ ਪਾਉਣ ਵਿੱਚ ਮਦਦ ਕਰੇਗਾ।



ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਕੋਈ ਨਵੀਂ ਗੱਲ ਨਹੀਂ, ਪਰ ਇਸ ਵਾਰ ਦੀ ਵਿਨਾਸ਼ਲੀਲਾ 1988 ਤੋਂ ਬਾਅਦ ਸਭ ਤੋਂ ਵੱਡੀ ਮੰਨੀ ਜਾ ਰਹੀ ਹੈ। ਗੁਰਦਾਸਪੁਰ, ਪਠਾਨਕੋਟ ਅਤੇ ਹੋਰ ਜ਼ਿਲ੍ਹਿਆਂ ਵਿੱਚ ਵੱਡੀ ਤਬਾਹੀ ਹੋਈ ਹੈ, ਫਸਲਾਂ ਦੇ ਨੁਕਸਾਨ ਨੇ ਕਿਸਾਨਾਂ ਨੂੰ ਤੋੜ ਕੇ ਰੱਖ ਦਿੱਤਾ ਹੈ ਅਤੇ ਘਰ-ਬਾਰ ਉਜੜ ਗਏ ਹਨ। ਆਰਮੀ, ਐੱਨਡੀਆਰਐੱਫ ਅਤੇ ਬੀਐੱਸਐੱਫ ਵੱਲੋਂ ਰਾਹਤ ਕਾਰਜ ਚੱਲ ਰਹੇ ਹਨ ਪਰ ਲੋਕਾਂ ਦੀ ਇੱਕ ਵੱਡੀ ਇੱਛਾ ਸੀ ਕਿ ਪ੍ਰਧਾਨ ਮੰਤਰੀ ਖੁਦ ਆ ਕੇ ਮੌਕੇ 'ਤੇ ਸਥਿਤੀ ਨੂੰ ਵੇਖਣ।

ਪਿਛਲੇ ਦਿਨਾਂ ਵਿੱਚ ਇਸ ਮੁੱਦੇ 'ਤੇ ਰਾਜਨੀਤਿਕ ਅਟਕਲਬਾਜ਼ੀਆਂ ਵੀ ਤੇਜ਼ ਹੋਈਆਂ ਹਨ। ਵਿਰੋਧੀ ਪਾਰਟੀਆਂ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਏ ਕਿ ਰਾਹਤ ਵਿੱਚ ਦੇਰੀ ਹੋ ਰਹੀ ਹੈ, ਜਦਕਿ ਭਾਜਪਾ ਨੇ ਵਿਰੋਧੀ ਨੇਤਾਵਾਂ ਨੂੰ ਨਿਸ਼ਾਨੇ 'ਤੇ ਲਿਆ ਹੈ, ਜਿਵੇਂ ਕਿ ਰਾਹੁਲ ਗਾਂਧੀ ਨੂੰ ਗੈਰਹਾਜ਼ਰੀ ਲਈ ਟਾਰਗੇਟ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਨੇ ਤਾਂ ਪ੍ਰਧਾਨ ਮੰਤਰੀ ਦੇ ਦੌਰੇ ਤੋਂ ਪਹਿਲਾਂ 80,000 ਕਰੋੜ ਰੁਪਏ ਦੇ ਰਾਹਤ ਪੈਕੇਜ ਦੀ ਮੰਗ ਕੀਤੀ ਹੈ, ਜਦਕਿ ਸ਼੍ਰੋਮਣੀ ਅਕਾਲੀ ਦਲ ਨੇ 20,000 ਕਰੋੜ ਦੀ ਮੰਗ ਰੱਖੀ ਹੈ। ਇਸ ਤੋਂ ਇਲਾਵਾ ਕਈਆਂ ਨੇ ਪ੍ਰਧਾਨ ਮੰਤਰੀ ਨੂੰ ਖੁੱਲ੍ਹਾ ਪੱਤਰ ਲਿਖ ਕੇ ਤੁਰੰਤ ਰਾਹਤ ਪੈਕੇਜ ਦੀ ਅਪੀਲ ਕੀਤੀ ਹੈ। ਰਾਹੁਲ ਗਾਂਧੀ ਨੇ ਵੀ ਉੱਤਰੀ ਰਾਜਾਂ ਲਈ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਹੈ। ਇਹ ਅਟਕਲਾਂ ਚੱਲ ਰਹੀਆਂ ਹਨ ਕਿ ਪ੍ਰਧਾਨ ਮੰਤਰੀ ਦੇ ਦੌਰੇ ਦੌਰਾਨ ਕੋਈ ਵੱਡਾ ਐਲਾਨ ਹੋ ਸਕਦਾ ਹੈ, ਜੋ ਰਾਜਨੀਤਿਕ ਮਾਹੌਲ ਨੂੰ ਹੋਰ ਗਰਮਾ ਸਕਦਾ ਹੈ।

ਹੁਣ ਅਜਿਹੇ ਵਿੱਚ ਪ੍ਰਧਾਨ ਮੰਤਰੀ ਦੀ ਆਮਦ ਨੂੰ ਪੰਜਾਬ ਵਾਸੀ ਜੀ ਆਇਆਂ ਕਹਿ ਰਹੇ ਹਨ। ਇਹ ਨਾ ਸਿਰਫ਼ ਇੱਕ ਰਸਮੀ ਦੌਰਾ ਹੈ, ਬਲਕਿ ਲੋਕਾਂ ਦੇ ਦੁੱਖ-ਦਰਦ ਨੂੰ ਸਮਝਣ ਅਤੇ ਤੁਰੰਤ ਰਾਹਤ ਪ੍ਰਦਾਨ ਕਰਨ ਦਾ ਮੌਕਾ ਵੀ ਹੈ। ਪ੍ਰਧਾਨ ਮੰਤਰੀ ਗੁਰਦਾਸਪੁਰ ਵਿੱਚ ਪ੍ਰਭਾਵਿਤ ਪਰਿਵਾਰਾਂ ਨਾਲ ਮਿਲਣਗੇ, ਫਸਲ ਨੁਕਸਾਨ ਦਾ ਜਾਇਜ਼ਾ ਲੈਣਗੇ ਅਤੇ ਨਦੀਆਂ ਦੇ ਕੰਢਿਆਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦੇਣਗੇ। ਕਿਸਾਨਾਂ ਨਾਲ ਗੱਲਬਾਤ ਵਿੱਚ ਉਹ ਰਾਹਤ ਪੈਕੇਜ, ਬੀਮਾ ਅਤੇ ਲੰਮੇ ਸਮੇਂ ਦੇ ਹੱਲਾਂ ਬਾਰੇ ਚਰਚਾ ਕਰਨਗੇ।

ਉਧਰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵੀ ਕਿਹਾ ਹੈ ਕਿ ਪ੍ਰਧਾਨ ਮੰਤਰੀ ਅਧਿਕਾਰੀਆਂ ਨਾਲ ਮੀਟਿੰਗ ਕਰਨਗੇ ਅਤੇ ਮੁੱਖ ਸਕੱਤਰ ਵੱਲੋਂ ਵਿਸਥਾਰ ਵਿੱਚ ਰਿਪੋਰਟ ਪੇਸ਼ ਕੀਤੀ ਜਾਵੇਗੀ। ਇਸ ਤੋਂ ਇਲਾਵਾ ਖੇਤੀਬਾੜੀ ਮੰਤਰੀ ਵੱਲੋਂ ਵਿਸਥਾਰ ਵਿੱਚ ਨੁਕਸਾਨ ਦੀ ਰਿਪੋਰਟ ਵੀ ਪੇਸ਼ ਕੀਤੀ ਜਾਵੇਗੀ।

ਹਾਲਾਂਕਿ, ਪੰਜਾਬ ਦੇ ਲੋਕ ਖੁਦ ਆਪਣੇ ਭਾਈਚਾਰੇ ਦੀ ਮਦਦ ਕਰ ਰਹੇ ਹਨ। ਖਾਲਸਾ ਏਡ ਵਰਗੀਆਂ ਸੰਸਥਾਵਾਂ ਨੇ ਹੜ੍ਹ ਪੀੜਤਾਂ ਲਈ ਰਾਹਤ ਕੈਂਪ ਲਗਾਏ ਹਨ ਅਤੇ ਭੋਜਨ, ਪਾਣੀ ਤੇ ਦਵਾਈਆਂ ਵੰਡੀਆਂ ਜਾ ਰਹੀਆਂ ਹਨ। ਪੰਜਾਬੀ ਕਲਾਕਾਰਾਂ ਨੇ ਵੀ ਪੀੜਤਾਂ ਲਈ ਸਹਾਇਤਾ ਦਾ ਐਲਾਨ ਕੀਤਾ ਹੈ ਅਤੇ ਲੋਕਾਂ ਨੂੰ ਮਦਦ ਲਈ ਅਪੀਲ ਕੀਤੀ ਹੈ। ਉਧਰ ਦਿੱਲੀ ਸਰਕਾਰ ਨੇ ਵੀ ਪੰਜਾਬ ਨੂੰ 5 ਕਰੋੜ ਰੁਪਏ ਦੀ ਸਹਾਇਤਾ ਭੇਜੀ ਹੈ। ਇਸ ਨਾਲ ਪੰਜਾਬੀ ਭਾਈਚਾਰੇ ਦੀ ਏਕਤਾ ਅਤੇ ਸਵੈ-ਸਹਾਇਤਾ ਦੀ ਭਾਵਨਾ ਸਾਹਮਣੇ ਆਈ ਹੈ, ਜੋ ਹੜ੍ਹਾਂ ਵਰਗੀ ਆਫ਼ਤ ਵਿੱਚ ਵੱਡੀ ਰਾਹਤ ਪ੍ਰਦਾਨ ਕਰ ਰਹੀ ਹੈ। ਪਰ ਲੋਕਾਂ ਨੂੰ ਕੇਂਦਰ ਵੱਲੋਂ ਇੱਕ ਵੱਡੇ ਰਾਹਤ ਪੈਕੇਜ ਦੀ ਆਸ ਹੈ, ਜਿਸ ਵਿੱਚ ਫ਼ਸਲ ਨੁਕਸਾਨ ਦਾ ਮੁਆਵਜ਼ਾ, ਘਰਾਂ ਦੀ ਮੁਰੰਮਤ ਅਤੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਸ਼ਾਮਲ ਹੋਵੇ। ਪੰਜਾਬ ਸਰਕਾਰ ਨੇ ਤਾਂ 14,000 ਕਰੋੜ ਰੁਪਏ ਦੇ ਅੰਤਰਿਮ ਰਾਹਤ ਦੀ ਮੰਗ ਵੀ ਰੱਖੀ ਹੈ।

ਪੰਜਾਬ ਦੇ ਮਸਲੇ ਗੰਭੀਰ ਹਨ - ਨਾ ਸਿਰਫ਼ ਹੜ੍ਹਾਂ, ਬਲਕਿ ਬੇਰੁਜ਼ਗਾਰੀ, ਨਸ਼ੇ ਅਤੇ ਕਿਸਾਨਾਂ ਦੀ ਆਰਥਿਕ ਸਥਿਤੀ ਵੀ ਚਿੰਤਾ ਦਾ ਵਿਸ਼ਾ ਹਨ। ਪ੍ਰਧਾਨ ਮੰਤਰੀ ਦਾ ਇਹ ਦੌਰਾ ਇੱਕ ਮੌਕਾ ਹੈ ਕਿ ਕੇਂਦਰ ਅਤੇ ਸੂਬਾ ਸਰਕਾਰ ਮਿਲ ਕੇ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ। ਲੋਕਾਂ ਨੂੰ ਉਮੀਦ ਹੈ ਕਿ ਇਸ ਨਾਲ ਨਾ ਸਿਰਫ਼ ਤੁਰੰਤ ਰਾਹਤ ਮਿਲੇਗੀ, ਬਲਕਿ ਭਵਿੱਖ ਵਿੱਚ ਅਜਿਹੀਆਂ ਆਫ਼ਤਾਂ ਤੋਂ ਬਚਾਅ ਲਈ ਠੋਸ ਕਦਮ ਵੀ ਚੁੱਕੇ ਜਾਣਗੇ। ਪੰਜਾਬ ਵਾਸੀਆਂ ਨੂੰ ਵਿਸ਼ਵਾਸ ਹੈ ਕਿ ਪ੍ਰਧਾਨ ਮੰਤਰੀ ਦੀ ਇਸ ਯਾਤਰਾ ਨਾਲ ਉਨ੍ਹਾਂ ਦਾ ਦੁੱਖ-ਦਰਦ ਦੂਰ ਹੋਵੇਗਾ ਅਤੇ ਸੂਬਾ ਨਵੀਂ ਉਮੀਦ ਨਾਲ ਅੱਗੇ ਵਧੇਗਾ।

ਇਹ ਦੌਰਾ ਹਿਮਾਚਲ ਪ੍ਰਦੇਸ਼ ਵਿੱਚ ਵੀ ਜਾਰੀ ਰਹੇਗਾ, ਜਿੱਥੇ ਭੂ-ਸਖਲਣ ਅਤੇ ਹੜ੍ਹਾਂ ਨੇ ਵੀ ਤਬਾਹੀ ਮਚਾਈ ਹੈ। ਪੂਰੇ ਉੱਤਰੀ ਭਾਰਤ ਵਿੱਚ ਮੌਸਮੀ ਆਫ਼ਤਾਂ ਨੇ ਚੇਤਨਾ ਜਗਾਈ ਹੈ ਕਿ ਵਾਤਾਵਰਨ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਪ੍ਰਧਾਨ ਮੰਤਰੀ ਦੀ ਇਸ ਪਹਿਲ ਨੂੰ ਸਲਾਮ ਕਰਦੇ ਹੋਏ, ਅਸੀਂ ਉਮੀਦ ਕਰਦੇ ਹਾਂ ਕਿ ਇਹ ਰਾਹਤ ਅਤੇ ਵਿਕਾਸ ਦਾ ਨਵਾਂ ਅਧਿਆਏ ਸ਼ੁਰੂ ਕਰੇਗਾ।

# ਫੌਜ: ਹਰ ਆਫ਼ਤ ਵਿੱਚ ਮਸੀਹਾ, ਪਰ ਹੱਕਾਂ ਤੋਂ ਵਾਂਝੀ !

## ਦੇਸ਼ ਦੇ ਰਾਖੇ, ਆਪਣੇ ਹੱਕਾਂ ਤੋਂ ਆਖਰ ਕਿਉਂ ਲਾਚਾਰ ?



**ਵਿੰਕਲਜੀਤ ਸਿੰਘ ਸਰਾ**
9501477889

ਜਦੋਂ ਸਿਆਸਤ ਦੀਆਂ ਗਲੀਆਂ ਵਿੱਚ ਸ਼ੋਰ ਹੁੰਦਾ ਹੈ, ਜਾਂ ਕੁਦਰਤ ਦਾ ਕਹਿਰ ਵੱਸਦਾ ਹੈ, ਤਾਂ ਇੱਕ ਆਵਾਜ਼ ਹੈ ਜੋ ਹਰ ਭਾਰਤੀ ਦੇ ਦਿਲ ਵਿੱਚ ਗੂੰਜਦੀ ਹੈ **'ਫੌਜ ਨੂੰ ਬੁਲਾਓ'** ਇਹ ਸਿਰਫ਼ ਸ਼ਬਦ ਨਹੀਂ, ਇਹ ਅਟੁੱਟ ਵਿਸ਼ਵਾਸ ਹੈ। ਭਾਰਤੀ ਫੌਜ ਦੀ ਵਰਦੀ ਸਿਰਫ਼ ਇੱਕ ਪੋਸ਼ਾਕ ਨਹੀਂ, ਸਗੋਂ 140 ਕਰੋੜ ਲੋਕਾਂ ਲਈ ਸੁਰੱਖਿਆ ਅਤੇ ਉਮੀਦ ਦੀ ਗਾਰੰਟੀ ਹੈ। ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਦੇਸ਼ 'ਤੇ ਕੋਈ ਸੰਕਟ ਆਇਆ—ਚਾਹੇ ਉਹ ਸਰਹੱਦ 'ਤੇ ਦੁਸ਼ਮਣ ਦੀ ਗੋਲੀ ਹੋਵੇ ਜਾਂ ਦੇਸ਼ ਦੇ ਅੰਦਰ ਕੁਦਰਤੀ ਆਫ਼ਤ ਦਾ ਕਹਿਰ—ਸਾਡੇ ਜਵਾਨ ਆਪਣੀ ਜਾਨ ਤਲੀ 'ਤੇ ਰੱਖ ਕੇ ਸਭ ਤੋਂ ਪਹਿਲਾਂ ਪਹੁੰਚੇ ਹਨ।

**ਪੰਜਾਬ ਦੀ ਹਿੱਕ 'ਤੇ ਹੜ੍ਹਾਂ ਦਾ ਜ਼ਖ਼ਮ, ਫੌਜ ਬਣੀ ਮਲ੍ਹਮ** : ਹਾਲ ਹੀ ਵਿੱਚ ਜਦੋਂ ਪੰਜਾਬ ਦੇ ਫਾਜ਼ਿਲਕਾ ਅਤੇ ਗੁਰਦਾਸਪੁਰ ਦੇ ਇਲਾਕੇ ਹੜ੍ਹਾਂ ਦੇ ਪਾਣੀ ਵਿੱਚ ਡੁੱਬ ਗਏ ਹਨ, ਤਾਂ ਚਾਰੇ ਪਾਸੇ ਹਾਹਾਕਾਰ ਮੱਚੀ ਹੋਈ ਹੈ। ਲੋਕਾਂ ਦੇ ਘਰ, ਫ਼ਸਲਾਂ ਅਤੇ ਉਮੀਦਾਂ ਪਾਣੀ ਵਿੱਚ ਰੁੜ੍ਹ ਰਹੀਆਂ ਹਨ। ਉਸ ਹਨੇਰੇ ਵਿੱਚ ਉਮੀਦ ਦੀ ਕਿਰਨ ਬਣ ਕੇ ਆਈ ਭਾਰਤੀ ਫੌਜ।

ਕਲਪਨਾ ਕਰੋ ਉਸ ਪਰਿਵਾਰ ਦੀ, ਜਿਸਦਾ ਜਵਾਨ ਪੁੱਤ ਬਲਵਿੰਦਰ ਸੜਕ ਹਾਦਸੇ ਵਿੱਚ ਚਲਾ ਗਿਆ ਹੋਵੇ ਤੇ ਹੜ੍ਹ ਦਾ ਪਾਣੀ ਉਹਨਾਂ ਦੇ ਹੰਝੂਆਂ ਨਾਲ ਰਲ ਕੇ ਉਹਨਾਂ ਨੂੰ ਆਪਣੇ ਲਾਡਲੇ ਦੇ ਆਖਰੀ ਦਰਸ਼ਨਾਂ ਤੋਂ ਵੀ ਰੋਕ ਰਿਹਾ ਹੋਵੇ। ਜਦੋਂ ਸਾਰੇ ਰਸਤੇ ਬੰਦ ਸਨ, ਤਾਂ ਫੌਜ ਨੇ ਆਪਣਾ ਫਰਜ਼ ਨਿਭਾਇਆ ਅਤੇ ਹੈਲੀਕਾਪਟਰ ਰਾਹੀਂ ਪਰਿਵਾਰ ਦੇ 10 ਮੈਂਬਰਾਂ ਨੂੰ ਦੀਨਾਨਗਰ ਪਹੁੰਚਾਇਆ ਤਾਂ ਜੋ ਉਹ ਆਪਣੇ ਪੁੱਤ ਨੂੰ ਆਖਰੀ ਵਿਦਾਈ ਦੇ ਸਕਣ। ਇਹ ਸਿਰਫ਼ ਇੱਕ ਬਚਾਅ ਮਿਸ਼ਨ ਨਹੀਂ ਸੀ, ਇਹ ਟੁੱਟੇ ਦਿਲਾਂ ਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਸੀ। ਇਸੇ ਤਰ੍ਹਾਂ, ਜੰਮੂ ਦੇ ਇੱਕ ਪਿੰਡ ਵਿੱਚ ਫਸੀ ਗਰਭਵਤੀ ਔਰਤ ਲਈ ਫੌਜ ਦੇ ਜਵਾਨ ਦੇਵਦੂਤ ਬਣ ਕੇ ਆਏ। ਘੋਰ ਹਨੇਰੇ, ਮੀਂਹ ਅਤੇ ਖਰਾਬ ਮੌਸਮ ਵਿੱਚ ਹੈਲੀਕਾਪਟਰ ਰਾਹੀਂ ਉਸਨੂੰ ਬਚਾਉਣਾ ਮੌਤ ਨਾਲ ਲੜਨ ਦੇ ਬਰਾਬਰ ਸੀ। ਅਗਲੇ ਦਿਨ ਜਦੋਂ ਉਸ ਔਰਤ ਨੇ ਇੱਕ ਤੰਦਰੁਸਤ ਬੱਚੀ ਨੂੰ ਜਨਮ ਦਿੱਤਾ, ਤਾਂ ਇਹ ਜਿੱਤ ਸਿਰਫ਼ ਉਸ ਮਾਂ ਦੀ ਨਹੀਂ, ਸਗੋਂ ਪੂਰੀ ਮਾਨਵਤਾ ਦੀ ਸੀ, ਜਿਸਦੀ ਰਾਖੀ ਸਾਡੀ ਫੌਜ ਕਰਦੀ ਹੈ। ਇੱਕ ਬਜ਼ੁਰਗ ਮਾਂ, ਜੋ ਬਿਸਤਰੇ ਤੋਂ ਉੱਠ ਨਹੀਂ ਸਕਦੀ ਸੀ, ਨੂੰ ਜਵਾਨਾਂ ਨੇ 300 ਮੀਟਰ ਤੱਕ ਆਪਣੇ ਮੋਢਿਆਂ 'ਤੇ ਚੁੱਕ ਕੇ ਸੁਰੱਖਿਅਤ ਥਾਂ ਪਹੁੰਚਾਇਆ। ਹੋਰ ਅਣਗਿਣਤ ਸੇਵਾਵਾਂ ਜੇ ਬਿਆਨ ਕਰਨ ਲਗੀਏ ਤਾਂ ਖਤਮ ਹੀ ਨਹੀਂ ਹੋਣੀਆਂ। ਇਹ ਤਸਵੀਰਾਂ ਦੱਸਦੀਆਂ ਹਨ ਕਿ ਫੌਜ ਲਈ ਹਰ ਨਾਗਰਿਕ ਆਪਣਾ ਪਰਿਵਾਰ ਹੈ।



**ਟੁੱਟੀਆਂ ਉਮੀਦਾਂ ਨੂੰ ਜੋੜਦੇ ਪੁਲ: ਹਿਮਾਚਲ ਦਾ ਦਰਦ** : ਹਿਮਾਚਲ ਪ੍ਰਦੇਸ਼ ਵਿੱਚ ਹੜ੍ਹਾਂ ਨੇ ਸਿਰਫ਼ ਸੜਕਾਂ ਤੇ ਪੁਲ ਹੀ ਨਹੀਂ ਤੋੜੇ, ਸਗੋਂ ਪਿੰਡਾਂ ਦਾ ਬਾਹਰੀ ਦੁਨੀਆਂ ਨਾਲ ਰਾਬਤਾ ਵੀ ਤੋੜ ਦਿੱਤਾ ਸੀ। ਲੋਕ ਬਿਨਾਂ ਦਵਾਈਆਂ, ਰਾਸ਼ਨ ਅਤੇ ਮਦਦ ਦੇ ਫਸੇ ਹੋਏ ਸਨ। ਇਸ ਨਾਜ਼ੁਕ ਸਮੇਂ ਵਿੱਚ, ਫੌਜ ਦੀ ਇੰਜੀਨੀਅਰਿੰਗ ਕੋਰ ਨੇ ਦਿਨ-ਰਾਤ ਇੱਕ ਕਰਕੇ 'ਬੇਲੀ ਬ੍ਰਿਜ' (Bailey Bridge) ਤਿਆਰ ਕੀਤੇ। ਇਹ ਸਿਰਫ਼ ਲੋਹੇ ਦੇ ਪੁਲ ਨਹੀਂ ਸਨ, ਇਹ ਟੁੱਟੀਆਂ ਹੋਈਆਂ ਉਮੀਦਾਂ ਨੂੰ ਮੁੜ ਜੋੜਨ ਵਾਲੇ ਪੁਲ ਸਨ, ਜਿਨ੍ਹਾਂ ਰਾਹੀਂ ਜ਼ਿੰਦਗੀ ਮੁੜ ਲੀਹ 'ਤੇ ਆਉਣੀ ਸ਼ੁਰੂ ਹੋਈ।

**ਹਰ ਸੰਕਟ ਵਿੱਚ ਢਾਲ ਬਣਦੀ ਫੌਜ** : ਇਹ ਕਹਾਣੀਆਂ ਸਿਰਫ਼ ਕੁਝ ਉਦਾਹਰਣਾਂ ਹਨ। ਸਾਡੀ ਫੌਜ ਦੀ ਸੇਵਾ ਅਤੇ ਬਲਿਦਾਨ ਦੀ ਗਾਥਾ ਬਹੁਤ ਲੰਬੀ ਹੈ: **2013 ਕੇਦਾਰਨਾਥ ਪ੍ਰਲੋਕ**: ਜਦੋਂ ਦੇਵਭੂਮੀ 'ਤੇ ਕੁਦਰਤ ਦਾ ਕਹਿਰ ਵਰ੍ਹਿਆ, ਤਾਂ ਫੌਜ ਨੇ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਮੂੰਹੋਂ ਬਾਹਰ ਕੱਢਿਆ ਅਤੇ ਲੱਖਾਂ ਟਨ ਰਾਹਤ ਸਮੱਗਰੀ ਪਹੁੰਚਾਈ।

**2005 ਕਸ਼ਮੀਰ ਭੂਚਾਲ**: ਮਲਬੇ ਹੇਠੋਂ ਜ਼ਿੰਦਗੀਆਂ ਲੱਭਣਾ ਹੋਵੇ ਜਾਂ ਬੇਘਰ ਹੋਏ ਪਰਿਵਾਰਾਂ ਦੇ ਸਿਰ 'ਤੇ ਛੱਤ ਦੇਣੀ ਹੋਵੇ, ਫੌਜ ਨੇ ਹਰ ਫਰਜ਼ ਨਿਭਾਇਆ।

**ਸਿਆਚਿਨ ਦੇ ਬਰਫ਼ੀਲੇ ਤੂਫ਼ਾਨ**: -50 ਡਿਗਰੀ ਤਾਪਮਾਨ ਵਿੱਚ ਜਿੱਥੇ ਖੂਨ ਜੰਮ ਜਾਂਦਾ ਹੈ, ਉੱਥੇ ਵੀ ਸਾਡੇ ਜਵਾਨ ਨਾ ਸਿਰਫ਼ ਸਰਹੱਦ ਹੀ ਨਹੀਂ, ਸਗੋਂ ਬਰਫ਼ੀਲੇ ਤੂਫ਼ਾਨਾਂ ਵਿੱਚ ਫਸੇ ਲੋਕਾਂ ਦੀ ਜਾਨ ਵੀ ਬਚਾਉਂਦੇ ਹਨ।

**ਪੂਰਬੀ ਭਾਰਤ ਦੇ ਹੜ੍ਹ ਅਤੇ ਚੱਕਰਵਾਤ**: ਅਸਾਮ, ਬਿਹਾਰ ਤੋਂ ਲੈ ਕੇ ਓਡੀਸ਼ਾ ਅਤੇ ਚੇਨਈ ਤੱਕ, ਜਦੋਂ ਵੀ ਪਾਣੀ ਨੇ ਤਬਾਹੀ ਮਚਾਈ, ਫੌਜ ਨੇ ਕਿਸ਼ਤੀਆਂ ਰਾਹੀਂ ਪਹੁੰਚ ਕੇ ਹਜ਼ਾਰਾਂ ਜਾਨਾਂ ਬਚਾਈਆਂ।

**ਜੰਗਲਾਂ ਦੀ ਅੱਗ**: ਉੱਤਰਾਖੰਡ ਅਤੇ ਹਿਮਾਚਲ ਦੇ ਜੰਗਲਾਂ ਵਿੱਚ ਲੱਗੀ ਅੱਗ ਨੂੰ ਬੁਝਾਉਣ ਲਈ ਵੀ ਸਾਡੇ ਜਵਾਨ ਆਪਣੀ ਜਾਨ ਖਤਰੇ ਵਿੱਚ ਪਾਉਂਦੇ ਹਨ।

**ਸਿਰਫ਼ ਜੰਗ ਨਹੀਂ, ਹਰ ਮੋਰਚੇ 'ਤੇ ਤਾਇਨਾਤ** : ਭਾਰਤੀ ਫੌਜ ਦਾ ਕੰਮ ਸਿਰਫ਼ ਸਰਹੱਦ 'ਤੇ ਲੜਨਾ ਨਹੀਂ ਹੈ। ਉਹਨਾਂ ਦੀਆਂ ਜ਼ਿੰਮੇਵਾਰੀਆਂ ਬਹੁ-ਪੱਖੀ ਹਨ, ਜਿਨ੍ਹਾਂ ਵਿੱਚ ਸਰਹੱਦਾਂ ਦੀ ਰੱਖਿਆ, ਅੱਤਵਾਦ ਦਾ ਮੁਕਾਬਲਾ, ਕੁਦਰਤੀ ਆਫ਼ਤਾਂ ਵਿੱਚ ਰਾਹਤ, ਦੂਰ-ਦੁਰਾਡੇ ਇਲਾਕਿਆਂ ਵਿੱਚ ਸੜਕਾਂ-ਪੁਲ ਬਣਾਉਣਾ ਅਤੇ ਸੰਯੁਕਤ ਰਾਸ਼ਟਰ (UN) ਦੇ ਸ਼ਾਂਤੀ ਮਿਸ਼ਨਾਂ ਵਿੱਚ ਦੁਨੀਆ ਭਰ ਵਿੱਚ ਸੇਵਾ ਕਰਨਾ ਸ਼ਾਮਲ ਹੈ।

**ਸੇਵਾ ਦੇ ਬਦਲੇ ਸਵਾਲ: ਅਗਨਿਵੀਰ ਯੋਜਨਾ ਦਾ ਦਰਦ** : ਇਹ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਜਿਹੜੇ ਜਵਾਨ ਸਾਡੇ ਲਈ ਆਪਣੀ ਜਵਾਨੀ ਅਤੇ ਜਾਨ ਤੱਕ ਕੁਰਬਾਨ ਕਰ ਦਿੰਦੇ ਹਨ, ਅੱਜ ਉਹਨਾਂ ਦੇ ਆਪਣੇ ਭਵਿੱਖ 'ਤੇ ਸਰਕਾਰ ਨੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ।

**ਪਹਿਲਾਂ**: ਇੱਕ ਫੌਜੀ ਨੂੰ ਪੱਕੀ ਨੌਕਰੀ, ਪੈਨਸ਼ਨ, ਪਰਿਵਾਰ ਲਈ ਮੈਡੀਕਲ ਸਹੂਲਤਾਂ ਅਤੇ ਸੇਵਾਮੁਕਤੀ ਤੋਂ ਬਾਅਦ ਇੱਕ ਸਨਮਾਨਜਨਕ ਜੀਵਨ ਦੀ ਗਾਰੰਟੀ ਮਿਲਦੀ ਸੀ।

**ਹੁਣ (ਅਗਨੀਵੀਰ)**: ਜਿਸ ਜਵਾਨ ਨੇ ਆਪਣੀ ਜਵਾਨੀ ਦੇ ਸਭ ਤੋਂ ਕੀਮਤੀ 4 ਸਾਲ ਦੇਸ਼ ਦੇ ਨਾਂ ਲਾ ਦਿੱਤੇ, ਉਸਨੂੰ 4 ਸਾਲ ਬਾਅਦ ਇੱਕ 'ਸਾਬਕਾ' ਦਾ ਟੈਗ ਦੇ ਕੇ ਬੇਰੁਜ਼ਗਾਰੀ ਦੇ ਸਮੁੰਦਰ ਵਿੱਚ ਧੱਕ ਦਿੱਤਾ ਜਾਂਦਾ ਹੈ। ਨਾ ਕੋਈ ਪੈਨਸ਼ਨ, ਨਾ ਸਥਾਈ ਸਿਹਤ ਸਹੂਲਤਾਂ।

ਇਹ ਨੀਤੀ ਨਾ ਸਿਰਫ਼ ਉਨ੍ਹਾਂ ਨੌਜਵਾਨਾਂ ਦੇ ਸੁਪਨਿਆਂ ਦਾ ਗਲਾ ਘੁੱਟ ਰਹੀ ਹੈ, ਸਗੋਂ ਫੌਜ ਦੇ ਮਨੋਬਲ 'ਤੇ ਵੀ ਡੂੰਘੀ ਸੱਟ ਮਾਰ ਰਹੀ ਹੈ। ਇੱਕ ਪਾਸੇ ਅਸੀਂ ਉਹਨਾਂ ਨੂੰ 'ਮਸੀਹਾ' ਕਹਿੰਦੇ ਹਾਂ, ਦੂਜੇ ਪਾਸੇ ਉਹਨਾਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਾਂ।

**ਜਦੋਂ ਰਾਖੇ ਨੂੰ ਹੀ ਇਨਸਾਫ਼ ਲਈ ਲੜਨਾ ਪਿਆ: ਕਰਨਲ ਪੁਸ਼ਪਿੰਦਰ ਸਿੰਘ ਬਾਠ 'ਤੇ ਹਮਲਾ** : ਪਟਿਆਲਾ ਵਿੱਚ 13-14 ਮਾਰਚ ਦੀ ਰਾਤ ਨੂੰ ਇੱਕ ਅਜਿਹੀ ਘਟਨਾ ਵਾਪਰੀ ਜੋ ਇਹ ਦਰਸਾਉਂਦੀ ਹੈ ਕਿ ਦੇਸ਼ ਦੇ ਰਾਖਿਆਂ ਨੂੰ ਕਈ ਵਾਰ ਆਪਣੇ ਹੀ ਦੇਸ਼ ਵਿੱਚ ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਢਾਬੇ ਦੇ ਬਾਹਰ ਪਾਰਕਿੰਗ ਨੂੰ ਲੈ ਕੇ ਹੋਏ ਮਾਮੂਲੀ ਝਗੜੇ ਦੌਰਾਨ, ਪਟਿਆਲਾ ਪੁਲਿਸ ਦੇ ਕੁਝ ਅਧਿਕਾਰੀਆਂ ਨੇ ਕਰਨਲ ਪੁਸ਼ਪਿੰਦਰ ਸਿੰਘ ਬਾਠ ਅਤੇ ਉਨ੍ਹਾਂ ਦੇ ਪੁੱਤਰ 'ਤੇ ਬੇਰਹਿਮੀ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਬੈਟਨਾਂ ਅਤੇ ਲੱਤਾਂ-ਮੁੱਕਿਆਂ ਨਾਲ ਗੰਭੀਰ ਜ਼ਖ਼ਮੀ ਕੀਤਾ ਗਿਆ।

ਹੈਰਾਨੀ ਦੀ ਗੱਲ ਇਹ ਸੀ ਕਿ ਮੈਡੀਕਲ ਰਿਪੋਰਟਾਂ ਨੇ ਸਾਫ਼ ਕੀਤਾ ਕਿ ਕਰਨਲ ਅਤੇ ਉਨ੍ਹਾਂ ਦਾ ਪੁੱਤਰ ਸ਼ਰਾਬ ਦੇ ਪ੍ਰਭਾਵ ਹੇਠ ਨਹੀਂ ਸਨ, ਜੋ ਪੁਲਿਸ ਦੇ ਝੂਠੇ ਦਾਅਵਿਆਂ ਨੂੰ ਨਕਾਰ ਰਹੀਆਂ ਸਨ। ਸ਼ੁਰੂ ਵਿੱਚ ਪੁਲਿਸ ਨੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਪਰ ਕਰਨਲ ਬਾਠ ਦੇ ਪਰਿਵਾਰ ਦੇ ਹੌਂਸਲੇ, ਸਾਬਕਾ ਫੌਜੀਆਂ ਦੇ ਸਮਰਥਨ ਅਤੇ ਮੀਡੀਆ ਦੇ ਦਬਾਅ ਕਾਰਨ ਇਹ ਮਾਮਲਾ ਉੱਚ ਪੱਧਰ 'ਤੇ ਪਹੁੰਚਿਆ। ਅਖੀਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੁਲਿਸ ਦੀ ਜਾਂਚ ਨੂੰ 'ਦਾਗੀ' (Tainted) ਕਰਾਰ ਦਿੰਦਿਆਂ ਕੇਸ ਸੀ.ਬੀ.ਆਈ. (CBI) ਨੂੰ ਸੌਂਪ ਦਿੱਤਾ। CBI ਵੱਲੋਂ ਦੋ ਐਫ.ਆਈ.ਆਰ. (FIRs) ਦਰਜ ਕਰਕੇ ਜਾਂਚ ਸ਼ੁਰੂ ਕਰਨ ਨਾਲ ਇਨਸਾਫ਼ ਦੀ ਇੱਕ ਨਵੀਂ ਉਮੀਦ ਜਾਗੀ ਹੈ। ਇਹ ਘਟਨਾ ਇਸ ਗੱਲ ਦਾ ਪ੍ਰਮਾਣ ਹੈ ਕਿ ਆਪਣੇ ਹੱਕਾਂ ਲਈ ਲੜਨ ਵਾਲੇ ਮਜ਼ਬੂਤ ਜਵਾਨਾਂ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ।

ਫੌਜ ਦੀ ਵਰਦੀ ਸਿਰਫ਼ ਇੱਕ ਕੱਪੜਾ ਨਹੀਂ, ਇਹ ਸਾਡਾ ਭਰੋਸਾ ਹੈ। ਇਹ ਵਾਅਦਾ ਹੈ ਕਿ ਜਦੋਂ ਸਭ ਕੁਝ ਖਤਮ ਹੋ ਜਾਵੇਗਾ, ਉਹ ਆਖਰੀ ਉਮੀਦ ਬਣ ਕੇ ਖੜ੍ਹੇ ਹੋਣਗੇ। ਤਿਉਹਾਰਾਂ 'ਤੇ ਜਦੋਂ ਅਸੀਂ ਪਰਿਵਾਰ ਨਾਲ ਹੁੰਦੇ ਹਾਂ, ਉਹਨਾਂ ਦੀਆਂ ਅੱਖਾਂ ਸਰਹੱਦ 'ਤੇ ਦੁਸ਼ਮਣ ਨੂੰ ਲੱਭਦੀਆਂ ਹਨ। ਇਹ ਕੁਰਬਾਨੀ ਸਿਰਫ਼ ਇੱਕ ਨੌਕਰੀ ਨਹੀਂ, ਇਹ ਦੇਸ਼ ਲਈ ਇੱਕ ਤਪੱਸਿਆ ਹੈ।

ਪਰ ਦੁੱਖ ਦੀ ਗੱਲ ਹੈ ਕਿ ਜਿਹੜੇ ਜਵਾਨ ਸਾਨੂੰ ਬਚਾਉਂਦੇ ਹਨ, ਉਹਨਾਂ ਦੇ ਆਪਣੇ ਹੱਕ ਅੱਜ ਸੁਰੱਖਿਅਤ ਨਹੀਂ ਹਨ। ਸਾਡੇ ਦੇਸ਼ ਦੇ ਰਾਖਿਆਂ ਨੂੰ ਸਿਰਫ਼ ਤਾੜੀਆਂ ਜਾਂ ਸੋਸ਼ਲ ਮੀਡੀਆ ਦੀਆਂ ਪੋਸਟਾਂ ਨਹੀਂ ਚਾਹੀਦੀਆਂ। ਉਹਨਾਂ ਨੂੰ ਸਨਮਾਨ, ਸੁਰੱਖਿਆ ਅਤੇ ਆਪਣੇ ਹੱਕ ਚਾਹੀਦੇ ਹਨ। ਜੇ ਅਸੀਂ ਆਪਣੇ ਮਸੀਹਾ ਦੇ ਹੱਕਾਂ ਦੀ ਰਾਖੀ ਨਹੀਂ ਕਰ ਸਕਦੇ, ਤਾਂ ਕੀ ਅਸੀਂ ਉਹਨਾਂ ਦੇ ਬਲਿਦਾਨ ਦੇ ਯੋਗ ਹਾਂ? ਇਹ ਸਵਾਲ ਅੱਜ ਹਰ ਭਾਰਤੀ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ। ਫੌਜ ਦਾ ਸੱਚਾ ਸਨਮਾਨ ਉਹਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਵਿੱਚ ਹੀ ਹੈ।

# 'ਕਦੇ ਹੜ੍ਹ ਦਾ ਪ੍ਰਕੋਪ ਤੇ ਕਦੇ ਹੜ੍ਹਾਂ ਨਾਲ ਯੁੱਧ'

**ਲਖਵਿੰਦਰ ਸਿੰਘ**
**98764-74858**

ਐਤਕੀਂ ਉਤਰੀ ਪੱਛਮੀ ਭਾਰਤ (ਜੰਮੂ ਕਸ਼ਮੀਰ ਉਤਰਾਖੰਡ, ਹਿਮਾਚਲ ਪ੍ਰਦੇਸ਼) ਖਾਸ ਕਰਕੇ ਪੰਜਾਬ ਵਿੱਚ ਹੜ੍ਹਾਂ ਨੇ ਆਪਣੇ ਵਿਰਾਟ ਰੂਪ ਦਾ ਪੂਰਾ ਜਲਵਾ ਵਿਖਾਇਆ। ਪ੍ਰਭਾਵਿਤ ਖੇਤਰਾਂ ਵਿੱਚ ਜਾਨ-ਮਾਲ, ਘਰ-ਬਾਹਰ ਤੇ ਫਸਲਵਾੜੀ ਦਾ ਕਾਫੀ ਨੁਕਸਾਨ ਹੋਇਆ ਹੈ। ਅਜਿਹੇ ਪੀੜਾਦਾਇਕ ਤੇ ਗ਼ਮਗੀਨ ਮਾਹੌਲ ਵਿਚ ਹੰਝੂ ਹਾਵਿਆਂ ਦਾ ਸਿਖਰ, ਭਵਿੱਖ ਦਾ ਫ਼ਿਕਰ ਪਰ ਫਿਰ ਵੀ ਚੜ੍ਹਦੀਕਲਾ ਦਾ ਜ਼ਿਕਰ। ਉਜੜਨਾ ਤੇ ਵਸਣਾ ਪੰਜਾਬੀਆਂ ਦਾ ਕਰਮ ਬਣ ਚੁੱਕਾ ਹੈ। ਪੰਜਾਬੀਆਂ ਦੀ ਤਾਂ ਫ਼ਿਤਰਤ ਬਣੀ ਹੋਈ ਹੈ ਕਿ ਉਨ੍ਹਾਂ ਨੂੰ ਪਾਣੀ ਖਾਤਰ ਵੀ ਲੜਨਾ ਪੈਂਦਾ ਹੈ ਤੇ ਕਦੇ ਹੜ੍ਹਾਂ ਨਾਲ ਵੀ ਯੁੱਧ ਕਰਨਾ ਪੈਂਦਾ ਹੈ। ਪਹਿਲਾਂ ਦੀ ਤਰ੍ਹਾਂ ਹੀ ਇਸ ਮੁਸੀਬਤ ਵੇਲੇ ਵੀ ਪਰਉਪਕਾਰੀ ਜਨ ਸਮੂਹ ਵੱਲੋਂ ਫੌਰੀ ਤੌਰ 'ਤੇ ਹਰ ਕਿਸਮ ਦੀ ਰਾਹਤ ਕਾਰਜ ਦੀ ਮਾਣਮੱਤੀ ਸੇਵਾ ਸੰਭਾਲ ਲਈ ਗਈ ਹੈ ਤੇ ਪੀੜਤਾਂ ਦੇ ਦੁਬਾਰਾ ਪੈਰਾਂ ਸਿਰ ਹੋਣ ਤੱਕ ਇਹ ਸੇਵਾ ਸੰਭਾਲ ਜਾਰੀ ਵੀ ਰਹੇਗੀ। ਵਰਣਨਯੋਗ ਹੈ ਕਿ ਮਦਦਗਾਰ ਮਸੀਹਿਆਂ ਨੇ ਪਾਣੀ ਦੇ ਵੱਡੇ ਵੱਡੇ ਖਤਰਨਾਕ ਜ਼ਖੀਰਿਆਂ ਨਾਲ ਜੂਝਦਿਆਂ ਪਾਣੀ ਵਿੱਚ ਘਿਰੇ ਪੀੜਤਾਂ ਤੱਕ ਪਹੁੰਚ ਕਰਕੇ ਵੀ ਇਹ ਸੇਵਾਵਾਂ ਨਿਭਾਉਣ ਦੇ ਯਤਨ ਕੀਤੇ।

ਹੜ੍ਹ ਪ੍ਰਭਾਵਿਤ ਖੇਤਰਾਂ ਦੇ ਪੀੜਤਾਂ ਦੀਆਂ ਵਕਤੀ ਤੌਰ 'ਤੇ ਖਾਣ ਪੀਣ, ਆਰਜ਼ੀ ਰੈਣ ਬਸੇਰਿਆਂ ਤੇ ਹੋਰ ਜ਼ਰੂਰੀ ਸੇਵਾਵਾਂ ਦਾ ਪ੍ਰਬੰਧਨ ਕਾਫੀ ਹੱਦ ਤੱਕ ਸੰਤੁਸ਼ਟੀ ਜਨਕ ਹੋ ਚੁੱਕਾ ਹੈ ਪਰ ਪੀੜਤਾਂ ਦੇ ਕਾਰੋਬਾਰਾਂ ਦਾ ਮੁੜ ਲੀਹੇ ਚੜ੍ਹਨ ਨਾਲ ਗੁਜ਼ਾਰਾ ਆਮਦਨ ਦਾ ਪ੍ਰਵਾਹ ਚਲਣ ਤੱਕ ਭਵਿੱਖ ਦੀਆਂ ਜ਼ਰੂਰਤਾਂ ਜਿਵੇਂ ਬਰਬਾਦ ਹੋਏ ਘਰ-ਬਾਹਰ ਦੀ ਮੁਰੰਮਤ ਜਾਂ ਉਸਾਰੀ, ਅਤੀ ਲੋੜੀਂਦਾ ਸਾਜ਼ੋ ਸਮਾਨ, ਜ਼ਮੀਨ ਨੂੰ ਮੁੜ ਵਾਹੀਯੋਗ ਬਣਾਉਣਾ, ਖਾਦ ਬੀਜ, ਚਾਰਾ ਫਸਲਾਂ ਹੋਣ ਤੱਕ ਪਸ਼ੂ ਚਾਰੇ ਅਤੇ ਸੰਭਾਵੀ ਰੋਗਾਂ ਤੋਂ ਬਚਾਅ ਲਈ ਸਿਹਤ-ਸਿੱਖਿਆ ਸਹੂਲਤਾਂ ਆਦਿ ਦੇ ਪ੍ਰਬਧਨ ਕਰਨ ਦੇ ਵੱਡੇ ਤੇ ਜ਼ਰੂਰੀ ਮਸਲੇ ਹੱਲ ਕਰਨ ਲਈ ਸੇਵਾਵਾਂ ਦੀ ਹਾਲੇ ਬਹੁਤ ਲੋੜ ਹੈ।

ਇਥੇ ਇਹ ਵੀ ਜ਼ਿਕਰਯੋਗ ਕਿ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਉਠੀ ਸੇਵਾ ਭਾਵਨਾ ਦੀ ਲਹਿਰ ਤੋਂ ਬਹੁਤ ਸਾਰੇ ਅਜਿਹੇ ਲੋਕ ਵੀ ਨੇ ਜਿਨ੍ਹਾਂ ਹੜ੍ਹ ਪੀੜ੍ਹਤ ਹੋਣ ਦਾ ਸਵਾਂਗ ਰੱਚ ਕੇ ਕਾਫੀ ਹੱਥ ਰੰਗ ਰਹੇ ਹਨ। ਸੋ ਸੇਵਾ ਸੰਭਾਲ ਦੇ ਪਰਉਪਕਾਰੀ ਕਾਰਜ ਵਿੱਚ ਜੁੱਟੇ ਸਮਾਜ ਸੇਵੀ ਸੰਸਥਾਵਾਂ ਤੇ ਦਾਨੀ ਸੱਜਣਾਂ ਨੂੰ ਨਕਲੀ ਹੜ੍ਹ ਪੀੜਤਾਂ ਤੇ ਨਕਲੀ ਸੇਵਾਦਾਰਾਂ (ਠੱਗ ਟੋਲਿਆਂ) ਸੁਚੇਤ ਹੋਣ ਦੀ ਬਹੁਤ ਲੋੜ ਹੈ ਤਾਂ ਕਿ ਉਨ੍ਹਾਂ ਦੀ ਸੇਵਾ(ਮਦਦ) 'ਕਾਂ ਠੂੰਗਿਆਂ' ਤੋਂ ਬਚ ਬਚਾਅ ਕੇ ਲੋੜਵੰਦ ਅਸਲ ਹੜ੍ਹ ਪੀੜਤਾਂ ਤੱਕ ਪਹੁੰਚਦੀ ਰਹਿ ਸਕੇ।

ਹੜ੍ਹਾਂ ਦੀ ਮਾਰ ਨਾਲ ਨੁਕਸਾਨ ਦੀ ਭਰਪਾਈ ਕਰਨ ਦੇ ਸਿਆਸੀ ਐਲਾਨਨਾਮੇ ਵੀ ਹੋਏ ਵੀ ਤੇ ਹੋਣੇ ਵੀ ਹਨ। ਜਿਨ੍ਹਾਂ ਨਾਲ ਕੁਝ ਨਾ ਕੁਝ ਆਰਥਿਕ ਭਰਪਾਈ ਹੋਣ ਦੀ ਆਸ ਵੀ ਹੈ ਪਰ ਜੋ ਜੀਆ ਘਾਤ ਹੋ ਚੁੱਕੀ ਹੈ, ਦੀ ਭਰਪਾਈ ਕਦੇ ਵੀ ਨਹੀਂ ਹੋ ਸਕਣੀ। ਸਿਰਫ ਅਫਸੋਸ ਹੀ ਕੀਤਾ ਜਾ ਸਕਦਾ ਹੈ। ਹੱਦੋਂ ਵੱਧ ਮੀਂਹ ਜਾਂ ਹੜ੍ਹ ਆਦਿ ਨੂੰ ਕੁਦਰਤੀ ਆਫ਼ਤ ਨੂੰ ਰੱਬੀ ਕਰੋਪੀ ਮੰਨਦਿਆਂ ਸਿਰਫ ਰੱਬ ਤਾਈਂ ਉਲਾਂਭਾ ਦਿੰਦਿਆਂ ਆਪਣੇ ਅਸਲ ਫ਼ਰਜ਼ਾਂ ਤੋਂ ਮੁਨਕਰ ਹੋਣਾ, ਵਾਪਰਨ ਵਾਲੇ ਸੰਭਾਵੀ ਵਰਤਾਰਿਆਂ ਦੇ ਕਾਰਨਾਂ ਤੋਂ ਅਵੇਸਲੇ ਰਹਿਣਾ ਜਾਂ ਫਿਰ 'ਮੈਨੂੰ ਕੀ' ਆਖ ਅੱਖਾਂ ਮੀਟ ਛੱਡਣ ਵਰਗੇ ਆਤਮਘਾਤੀ ਵਿਵਹਾਰ ਕਾਰਨ ਹੀ ਇਨ੍ਹਾਂ ਵਰਤਾਰਿਆਂ ਨਾਲ ਨੁਕਸਾਨ ਵੀ ਵਧੇਰੇ ਹੋ ਜਾਂਦਾ ਹੈ।

ਮੀਂਹ ਜਾਂ ਹੋਰ ਕਿਸੇ ਵੀ ਕੁਦਰਤੀ ਆਮ ਵਰਤਾਰੇ ਨੂੰ ਰੋਕਿਆ ਤਾਂ ਨਹੀਂ ਜਾ ਸਕਦਾ ਪਰ ਦੂਰ ਅੰਦੇਸ਼ੀ ਯੋਜਨਾਬੰਦੀ ਨਾਲ ਵੇਲੇ ਸਿਰ ਅਗਾਊਂ ਉਪਾਅ ਕਰਕੇ ਇਸ ਦੇ ਵਿਕਰਾਲ ਰੂਪ ਦੇ ਸੰਭਾਵੀ ਨੁਕਸਾਨ ਤੋਂ ਕਾਫੀ ਹੱਦ ਤੱਕ ਬਚ ਬਚਾਅ ਜ਼ਰੂਰ ਕੀਤਾ ਜਾ ਸਕਦਾ ਹੈ। ਇਥੇ ਸੋਚਣ ਵਾਲੀ ਗੱਲ ਹੈ ਕਿ ਕੁਦਰਤ ਦਾ ਆਮ ਵਰਤਾਰਾ ਵਿਰਾਟ ਰੂਪ ਧਾਰਨ ਹੀ ਕਿਉਂ ਕਰਦਾ ਹੈ? ਫਿਰ ਵਰਤਣ ਵਾਲੇ ਵਰਤਾਰੇ ਦਾ ਨਤੀਜਾ ਏਨਾ ਭਿਆਨਕ ਕਿਉਂ ਹੁੰਦਾ ਹੈ? ਕਿਤੇ ਇਸ ਪਿੱਛੇ ਸਾਡੀ ਮਨੁੱਖੀ ਅਣਗਹਿਲੀ ਤਾਂ ਨਹੀਂ ਕੰਮ ਕਰ ਰਹੀ? ਕੀ ਇਸ ਪਿੱਛੇ ਤਾਂ ਸਾਡੀ ਮਨੁੱਖੀ ਸੋਚ ਭਾਰੂ ਤਾਂ ਨਹੀਂ ਹੋਈ? ਇਨ੍ਹਾਂ ਸਭ ਸਵਾਲਾਂ ਦਾ ਜਵਾਬ ਤਕਰੀਬਨ 'ਹਾਂ' ਵਿੱਚ ਹੀ ਹੈ।

ਕਿਉਂਕਿ ਵਾਤਾਵਰਨ ਮਾਹਿਰਾਂ ਅਨੁਸਾਰ ਕੁਦਰਤੀ ਪ੍ਰਕਿਰਿਆ ਵਿੱਚ ਸੋਕੇ, ਡੋਬੇ ਜਾਂ ਹੋਰ ਕੋਈ ਆਫਤ ਦੇ ਉਤਪੰਨ ਹੋਣ ਵਿੱਚ ਹੱਦੋਂ ਵੱਧ ਕੁਦਰਤ ਨਾਲ ਬੇਰਹਿਮੀ ਮਨੁੱਖੀ ਛੇੜਛਾੜ ਦਾ ਸਿੱਟਾ ਹੀ ਹੈ। ਫਿਰ ਵੀ ਮਨੁੱਖ ਵੱਲੋਂ ਆਪਣੀ ਅੰਨ੍ਹੀ ਲਾਲਸਾ ਕਰਕੇ ਕੁਦਰਤ ਨਾਲ ਹੱਦੋਂ ਵੱਧ ਛੇੜਛਾੜ ਕਰਨ ਦਾ ਆਤਮਘਾਤੀ ਰਾਹ ਅਪਣਾਉਣਾ ਜਾਰੀ ਰੱਖਿਆ ਹੋਇਆ ਹੈ।

ਬੇਸ਼ੱਕ ਕੁਲ ਆਲਮ ਵਿਚ ਮਨੁੱਖ ਨੇ ਆਪਣਾ ਜ਼ਾਲਮੀ ਪੰਜਾ ਕੁਦਰਤ ਦੀ ਸੰਘੀ ਨੂੰ ਪਾਇਆ ਹੋਇਆ ਹੈ ਪਰ ਸਾਡੇ ਮੁਲਕ ਵਿਚ ਤਾਂ ਕੁਦਰਤ ਦੇ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਕੁਦਰਤੀ ਵਾਤਾਵਰਨ ਦੇ ਪੂਰੇ ਆਹੂ ਲਾਹੇ ਜਾ ਰਹੇ ਹਨ। ਬੇਢੰਗੇ ਅਖੌਤੀ ਵਿਕਾਸ ਦੇ ਨਾਂ ਉਤੇ ਅਥਾਹ ਵਿਨਾਸ਼ ਵੱਲ ਵਧਿਆ ਜਾ ਰਿਹਾ ਹੈ। ਕੁਦਰਤ ਨਾਲ ਬੇਰਹਿਮੀ ਭਰੀ ਛੇੜਛਾੜ ਦੇ ਮਾਮਲੇ ਦੇ ਹਮਾਮ ਵਿੱਚ ਅਸੀਂ ਸਭ ਹੀ ਨੰਗੇ ਹਾਂ। ਆਪਣੇ ਮਤਲਬ ਲਈ ਜਿਸ ਦਾ ਜਿਨ੍ਹਾਂ ਵੀ ਹੱਥ ਪੈਂਦਾ ਹੈ, ਉਨ੍ਹਾਂ ਹੀ ਆਪਣਾ ਦਾਅ ਘਾਅ ਲਾ ਕੇ ਕੁਦਰਤ ਨੂੰ ਦੁੱਖ ਦੇਣ ਵਿੱਚ ਕੋਈ ਵੀ ਕਸਰ ਛੱਡ ਨਹੀਂ ਰਿਹਾ।

ਖੁਦਗਰਜੀ, ਭ੍ਰਿਸ਼ਟਾਚਾਰੀ ਤੇ ਰਿਸ਼ਵਤਖੋਰੀ ਦੇ ਬੋਲਬਾਲੇ ਵਿੱਚ ਵੱਡੇ ਵੱਡੇ ਕਮਿਸ਼ਨ/ਹਿੱਸਾ ਪਤੀ ਦੀ ਮੋਟੀ ਕਮਾਈ ਲਈ ਅਜਿਹੇ ਕੰਮ ਸਹੇੜੇ ਜਾ ਰਹੇ ਨੇ ਜੋ ਕੁਦਰਤ ਨੂੰ ਉੱਕਾ ਹੀ ਮਾਫ਼ਕ ਨਹੀਂ ਹੁੰਦੇ। ਕੁਦਰਤ ਆਪਣੇ 'ਤੇ ਹੋ ਰਹੇ ਇਸ ਮਨੁੱਖੀ ਛੇੜਛਾੜ ਦੇ ਤਸ਼ੱਦਦ ਨੂੰ ਕੁਝ ਹੱਦ ਤੱਕ ਝਲਦੀ ਵੀ ਹੈ ਪਰ ਜਦ ਕਦੇ ਉਸ ਦਾ ਸਬਰ ਟੁੱਟ ਜਾਂਦਾ ਤਾਂ ਫਿਰ ਉਹ ਵੀ ਆਪਣੇ ਕਹਿਰਵਾਨ ਰੂਪ ਵਿੱਚ ਆ ਹੀ ਜਾਂਦੀ ਹੈ।

ਕੁਦਰਤ ਨੇ ਤਾਂ ਜੀਵਨ ਚਲਦਾ ਰੱਖਣ ਲਈ ਲੋੜੀਂਦਾ ਵਾਤਾਵਰਨ ਸਿਰਜਣ ਦੇ ਯਤਨ ਵਜੋਂ ਹਵਾ, ਪਾਣੀ, ਰੋਸ਼ਨੀ ਤੇ ਜੰਗਲ ਬੇਲੇ ਪੈਦਾ ਕੀਤੇ ਹਨ। ਇਹ ਜੰਗਲ ਬੇਲੇ ਮੀਂਹ ਵਰਸਾਉਣ ਲਈ ਸਹਾਇਕ ਵੀ ਬਣਦੇ ਹਨ। ਅਸਮਾਨੋਂ ਮੀਂਹ ਦੇ ਰੂਪ ਵਿੱਚ ਧਰਤੀ ਉਤੇ ਡਿੱਗਣ ਵੇਲੇ ਤੇ ਪਾਣੀ ਵਹਿਣ ਦੀ ਗਤੀ ਅਤੇ ਭੌਂ ਖੋਰ ਘਟਾਉਣ ਵਿੱਚ ਇੱਕ ਉੱਘੀ ਭੂਮਿਕਾ ਵੀ ਨਿਭਾਉਂਦੇ ਹਨ।

ਇੱਕ ਪਾਸੇ ਵੱਡੀ ਪੱਧਰ 'ਤੇ ਰੁੱਖਾਂ/ਜੰਗਲ ਬੇਲਿਆਂ ਦੀ ਕਟਾਈ ਤੇ ਦੂਜੇ ਪਾਸੇ ਬੇਹਤਾਸ਼ਾ ਫੈਲਾਏ ਜਾ ਰਹੇ ਪ੍ਰਦੂਸ਼ਣ ਕਾਰਨ ਕਾਰਬਨ ਡਾਇਆਕਸਾਈਡ ਤੇ ਗ੍ਰੀਨ ਹਾਊਸ ਦੇ ਵਧਦੇ ਗ੍ਰਾਫ ਕਰਕੇ ਤਪਸ਼ ਵਿਚ ਵੀ ਵਾਧਾ ਹੁੰਦਾ ਹੈ। ਮੌਸਮ ਮਾਹਿਰਾਂ ਅਨੁਸਾਰ ਤਾਪਮਾਨ ਵਿੱਚ ਇੱਕ ਪੁਆਇੰਟ ਦਾ ਵਾਧਾ ਅੱਗੋਂ ਸੱਤ ਗੁਣਾ ਵੱਧ ਤਪਸ਼ ਪੈਦਾ ਹੋ ਜਾਣ ਦਾ ਕਾਰਨ ਬਣਦਾ ਜਾਂਦਾ ਹੈ। ਹੱਦੋਂ ਵੱਧ ਤਪਸ਼ ਕਾਰਨ ਵਾਯੂਮੰਡਲ ਦੇ ਅੰਦਰ ਬਣਦੇ ਖਲਾਅ ਵਿਚ ਭਾਰੀ ਮਾਤਰਾ ਨਮੀ ਤੇ ਜਲ ਕਣਾਂ ਨੂੰ ਜਮਾਂ ਹੋਣ ਲੱਗ ਜਾਂਦੇ ਹਨ। ਜਿਨ੍ਹਾਂ ਨਾਲ ਭਾਰੀ ਬੱਦਲ ਬਣਨ ਦੀ ਸੰਭਾਵਨਾ ਬਣ ਜਾਂਦੀ ਹੈ। ਫਿਰ ਬਣੇ ਭਾਰੀ ਬੱਦਲਾਂ ਕਰਕੇ ਆਮ ਨਾਲੋਂ ਵੱਧ ਤੇ ਭਾਰੀ ਮੀਂਹ ਪੈਣ ਅਤੇ ਪਹਾੜੀ ਇਲਾਕਿਆਂ ਵਿੱਚ ਬੱਦਲ ਫੱਟਣ (ਪਾਣੀ ਦਾ ਇੱਕ ਦਮ ਪਰਲੋ/ਵਿਕਰਾਲ ਰੂਪ 'ਚ ਡਿੱਗਣ), ਪਹਾੜ ਖਿਸਕਣ ਤੇ ਹੜ੍ਹ ਵਰਗੀਆਂ ਪ੍ਰਸਥਿਤੀਆਂ ਸੁਭਾਵਿਕ ਹੀ ਬਣ ਜਾਂਦੀਆਂ ਹਨ।

ਫਿਰ ਪਾਣੀ ਦੇ ਵੱਡੇ ਵੱਡੇ ਤੇ ਤੇਜ਼ ਤਰਾਰ ਵਹਿਣ ਆਪਣੇ ਅੱਗੇ ਆਉਂਦਾ ਸਭ ਕੁਝ ਰੋੜੀ ਜਾਂਦੇ ਹਨ। ਜਿਥੇ ਕਿਤੇ ਵੀ ਭੂਗੋਲਿਕ ਸਥਿਤੀ ਕਾਰਨ ਪਾਣੀ ਦੀ ਗਤੀ ਕੁਝ ਧੀਮੀ ਹੁੰਦੀ ਹੈ ਤਾਂ ਰੁੜ੍ਹਦਾ ਮਲਬਾ ਵਿਛੀ ਜਾਂਦਾ ਹੈ ਤੇ ਕਈ ਥਾਂਵਾਂ ਉਤੇ ਜਿਥੇ ਇਸ ਮਲਬੇ ਨਾਲ ਜਾਂ ਫਿਰ ਮਨੁੱਖ ਵੱਲੋਂ ਵੀ ਹੱਦਾਂ ਬੰਨੇ ਟੱਪ ਕੇ ਜਿਥੇ ਵੀ ਵਹਿਣਾਂ ਦੇ ਰਾਹਾਂ ਵਿੱਚ ਰੁਕਾਵਟ ਪਾਈ ਹੁੰਦੀ ਤਾਂ ਪਾਣੀ ਦਾ ਵਹਿਣ ਵੀ ਹੱਦਾਂ ਬੰਨੇ ਟੱਪਣ ਵਿੱਚ ਕੋਈ ਕਸਰ ਨਹੀਂ ਛੱਡਦਾ। ਜਿਸ ਨਾਲ ਸਾਡੇ ਲਈ ਹੜ੍ਹ ਵਰਗੀਆਂ ਦਰਦਨਾਕ ਤੇ ਪੀੜਾਦਾਇਕ ਭਿਆਨਕ ਸਥਿਤੀਆਂ ਪੈਦਾ ਹੋ ਜਾਂਦੀਆਂ ਹਨ। ਸੋ ਸਾਡੇ ਸਭ ਲਈ ਇਨਾਂ ਭਿਆਨਕ ਸਥਿਤੀਆਂ ਤੋਂ ਬਚਣ ਲਈ ਕੁਦਰਤ ਨਾਲ ਤਾਲਮੇਲ ਬਣਾਈ ਰੱਖਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਜਿਸ ਲਈ ਸਾਨੂੰ ਸਭਨਾਂ ਨੂੰ ਆਪਣੇ ਆਪਣੇ ਪੱਧਰ ਤੋਂ ਹੀ ਵਾਤਾਵਰਨ ਦੀ ਸਾਂਭ-ਸੰਭਾਲ ਲਈ ਅੱਗੇ ਆਉਣਾ ਪਵੇਗਾ। ਸਰਕਾਰੀ ਤੰਤਰ/ਸਰਕਾਰਾਂ ਨੂੰ ਜਨਤਕ ਰੂਪ ਵਿਚ ਦੂਰ ਅੰਦੇਸ਼ੀ ਯੋਜਨਾਵਾਂ ਉਲੀਕ ਕੇ ਅਜਿਹੇ ਕਾਰਜ ਸ਼ੁਰੂ ਕਰਨੇ ਹੋਣਗੇ ਜਿਨ੍ਹਾਂ ਨਾਲ ਵਿਕਾਸ ਵੀ ਹੋਵੇ ਤੇ ਕੁਦਰਤੀ ਵਾਤਾਵਰਨ ਦੀ ਸਾਂਭ ਸੰਭਾਲ ਬਰਕਰਾਰ ਵੀ ਰਹਿ ਸਕੇ। ਜਿਸ ਲਈ ਭੂਗੋਲਿਕ ਸਥਿਤੀ ਅਨੁਸਾਰ ਲੋੜੀਂਦੇ ਜੰਗਲ ਬੇਲੇ (ਰੁੱਖਾਂ) ਦੀ ਹੋਂਦ ਨੂੰ ਕਾਇਮ ਰੱਖਣ ਲਈ ਸਖ਼ਤ ਕਾਇਦੇ ਕਾਨੂੰਨ ਹੋਣ ਤੇ ਜਿਨ੍ਹਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਰਾਸ਼ਟਰੀ ਜਾਇਦਾਦ ਕੁਦਰਤੀ ਵਹਿਣਾਂ ਦੀ ਨਿਰੰਤਰ ਸਾਫ਼ ਸਫ਼ਾਈ ਤੇ ਡੂੰਘਾਈ ਨੂੰ ਕਾਇਮ ਰੱਖਣ ਦੇ ਪੁਖ਼ਤਾ ਪ੍ਰਬੰਧ ਹੋਣ ਤਾਂ ਕਿ ਵਹਿਣ ਆਮ ਜ਼ਮੀਨ ਨਾਲੋਂ ਨੀਵੇਂ ਹੀ ਰਹਿਣ। ਇਨ੍ਹਾਂ ਵਹਿਣਾਂ ਦੀ ਮਿਥੀ ਹੱਦਬੰਦੀ ਵਿੱਚ ਜਾਂ ਨੇੜੇ ਤੇੜੇ ਨਿੱਜੀ ਕਬਜ਼ਿਆਂ ਰਾਹੀਂ ਵਹਿਣਾਂ ਵਿੱਚ ਰੁਕਾਵਟ ਬਣਨ ਵਾਲੇ ਹਰ ਕਿਸਮ ਦੇ ਮਨੁੱਖੀ ਕਾਰੋਬਾਰ ਸਖ਼ਤੀ ਨਾਲ ਬੰਦ ਕੀਤੇ ਜਾਣ।

ਇਸ ਤੋਂ ਇਲਾਵਾ ਇਨ੍ਹਾਂ ਵਹਿਣ ਦੇ ਕਿਨਾਰਿਆਂ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਇਨ੍ਹਾਂ ਦੀ ਹੱਦਬੰਦੀ ਨਾਲ ਹੋਰ ਜ਼ਮੀਨ ਐਕਵਾਇਰ ਕਰਕੇ ਵੱਧ ਤੋਂ ਵੱਧ ਹੋਰ ਰਾਖਵੀਂ ਜ਼ਮੀਨੀ ਪੱਟੀ ਤਿਆਰ ਕਰਨ ਦੇ ਸਾਰਥਿਕ ਯਤਨ ਕੀਤੇ ਜਾਣ। ਇਸ ਰਾਖਵੀਂ ਜ਼ਮੀਨੀ ਪੱਟੀ ਵਿੱਚ ਕਾਨੇ, ਸਰਕੜੇ, ਕਾਹੀ ਤੇ ਦਰੱਖ਼ਤਾਂ ਭਰਪੂਰ ਜਲ ਕੁੰਡਾਂ, ਜਲ ਗਾਹਾਂ ਦੀ ਸਥਾਪਨਾ ਕਰਨ ਨੂੰ ਤਰਜੀਹ ਦਿੱਤੀ ਜਾਵੇ। ਜਿਨ੍ਹਾਂ ਜਲ ਕੁੰਡਾਂ/ ਜਲਗਾਹਾਂ ਵਿਚ ਵਹਿਣਾਂ ਵਿਚ ਆਉਣ ਵਾਲੇ ਸੰਭਾਵੀ ਮੌਸਮੀ ਉਛਾਲਾਂ ਦੇ ਪਾਣੀ ਦੀ ਸਮਾਈ ਦੇ ਯਤਨ ਹੋ ਸਕਣ। ਇਹ ਜਲ ਗਾਹਾਂ ਮੱਛੀ ਪਾਲਣ ਵਰਗੇ ਧੰਦਿਆਂ, ਖੇਤੀ ਦੀ ਸਿੰਚਾਈ ਅਤੇ ਵਾਤਾਵਰਨ ਨੂੰ ਠੰਡਾ ਰੱਖਣ 'ਤੇ ਜ਼ਮੀਨ ਵਿੱਚ ਪਾਣੀ ਜਜ਼ਬ ਹੋਣ ਦੀ ਪ੍ਰਕਿਰਿਆ ਵਿੱਚ ਵੀ ਸਹਾਇਕ ਬਣ ਸਕਦੀਆਂ ਹਨ। ਸੋ ਹੜ੍ਹਾਂ ਦੇ ਮਾਰੂ ਪ੍ਰਕੋਪ ਤੋਂ ਬਚਣ ਲਈ ਕੁਦਰਤ ਦੇ ਵਰਤਾਰੇ 'ਜਲ ਚੱਕਰ' ਨੂੰ ਸਮਝਦਿਆਂ ਇਸ ਦੇ ਖਤਰਿਆਂ ਤੋਂ ਸੰਭਲਣ/ਬਚਣ ਵਾਲੀ ਵਿਵਸਥਾ ਦੀ ਸਿਰਜਣਾ ਸਮੇਂ ਦੀ ਇੱਕ ਬਹੁਤ ਵੱਡੀ ਲੋੜ ਹੈ।

### ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮਾਰਕੰਡੇਸ਼ਵਰ ਮੰਦਰ ਵਿੱਚ ਪ੍ਰਾਰਥਨਾ ਕੀਤੀ

# ਸੇਮ ਦੀ ਆਫ਼ਤ ਵਿੱਚ, ਸੱਤਾਧਾਰੀ ਧਿਰ, ਵਿਰੋਧੀ ਧਿਰ ਅਤੇ ਆਮ ਜਨਤਾ ਨੂੰ ਸਬਰ ਨਾਲ ਸੇਵਾ ਕਰਨ ਦੀ ਲੋੜ ਹੈ: ਨਾਇਬ ਸਿੰਘ ਸੈਣੀ

### ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੇਮ ਦੀ ਆਫ਼ਤ ਤੋਂ ਪ੍ਰਭਾਵਿਤ ਪਿੰਡਾਂ ਦੇ ਜਨ ਪ੍ਰਤੀਨਿਧੀਆਂ ਨਾਲ ਗੱਲਬਾਤ ਕੀਤੀ



ਸ਼ਾਹਾਬਾਦ ਮਾਰਕੰਡਾ, 8 ਸਤੰਬਰ (ਰੂਬੀ): ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੇਮ ਦੀ ਆਫ਼ਤ ਵਿੱਚ, ਸੱਤਾਧਾਰੀ ਧਿਰ, ਵਿਰੋਧੀ ਧਿਰ ਅਤੇ ਆਮ ਜਨਤਾ ਨੂੰ ਸਬਰ ਨਾਲ ਸੇਵਾ ਕਰਨ ਦੀ ਲੋੜ ਹੈ, ਤਾਂ ਜੋ ਸਾਰਿਆਂ ਨੂੰ ਮਿਲ ਕੇ ਇਸ ਆਫ਼ਤ ਤੋਂ ਛੁਟਕਾਰਾ ਮਿਲ ਸਕੇ।

ਉਨ੍ਹਾਂ ਕਿਹਾ ਕਿ ਹੌਲੀ-ਹੌਲੀ ਪਾਣੀ ਘੱਟ ਰਿਹਾ ਹੈ ਅਤੇ ਸਮੱਸਿਆਵਾਂ ਵੀ ਘੱਟ ਰਹੀਆਂ ਹਨ। ਪਹਾੜਾਂ ਤੋਂ ਆ ਰਹੇ ਵਾਧੂ ਪਾਣੀ ਨਾਲ ਸੂਬੇ ਦੇ ਲਗਭਗ 3000 ਪਿੰਡ ਪ੍ਰਭਾਵਿਤ ਹੋਏ ਹਨ। ਇਨ੍ਹਾਂ ਪਿੰਡਾਂ ਵਿੱਚ ਫਸਲਾਂ ਅਤੇ ਹੋਰ ਨੁਕਸਾਨਾਂ ਦੀ ਭਰਪਾਈ ਲਈ, ਸੂਬਾ ਸਰਕਾਰ ਨੇ ਇੱਕ ਈ-ਮੁਆਵਜ਼ਾ ਪੋਰਟਲ ਖੋਲ੍ਹਿਆ ਹੈ, ਜਿੱਥੇ ਹੁਣ ਤੱਕ 1,69,738 ਕਿਸਾਨਾਂ ਨੇ 9,96,701 ਏਕੜ ਫਸਲ ਦੇ ਨੁਕਸਾਨ ਲਈ ਅਰਜ਼ੀ ਦਿੱਤੀ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸ਼ਾਹਾਬਾਦ ਰੈਸਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸੇਮ ਨਾਲ ਪ੍ਰਭਾਵਿਤ ਪਿੰਡਾਂ ਦੇ ਜਨ ਪ੍ਰਤੀਨਿਧੀਆਂ ਨਾਲ ਗੱਲਬਾਤ ਕੀਤੀ ਅਤੇ ਹਰੇਕ ਪਿੰਡ ਦੀ ਸਥਿਤੀ ਅਤੇ ਨੁਕਸਾਨ ਬਾਰੇ ਵਿਸਥਾਰ ਨਾਲ ਪੁੱਛਗਿੱਛ ਕੀਤੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮਾਰਕੰਡੇਸ਼ਵਰ ਮੰਦਰ ਵਿੱਚ ਪ੍ਰਾਰਥਨਾ ਕੀਤੀ ਅਤੇ ਸੇਮ ਨਾਲ ਪ੍ਰਭਾਵਿਤ ਖੇਤਰ ਤੋਂ ਹਿਜਰਤ ਕੀਤੇ ਗਏ ਨਾਗਰਿਕਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਜਾਣਿਆ ਅਤੇ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਹਰ ਸਥਿਤੀ ਵਿੱਚ ਨਾਗਰਿਕਾਂ ਦੀ ਮਦਦ ਕਰਨ ਲਈ ਤਿਆਰ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪਹਾੜੀ ਖੇਤਰ ਤੋਂ ਜ਼ਿਆਦਾ ਪਾਣੀ ਆਉਣ ਕਾਰਨ ਸੂਬੇ ਦੇ ਪਿੰਡ ਸੇਮ ਨਾਲ ਪ੍ਰਭਾਵਿਤ ਹੋਏ ਹਨ। ਪਾਣੀ ਜ਼ਿਆਦਾ ਵਹਿ ਰਿਹਾ ਹੈ। ਜਿਨ੍ਹਾਂ ਲੋਕਾਂ ਦੇ ਘਰ ਹੜ੍ਹ ਨਾਲ ਭਰ ਗਏ ਹਨ, ਉਨ੍ਹਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਗਿਆ ਹੈ। ਉਨ੍ਹਾਂ ਨੂੰ ਰਿਹਾਇਸ਼, ਭੋਜਨ ਅਤੇ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ, ਪਸ਼ੂਆਂ ਦੇ ਚਾਰੇ ਲਈ ਵੀ ਪ੍ਰਬੰਧ ਕੀਤੇ ਜਾ ਰਹੇ ਹਨ। ਸਾਲ 2023 ਵਿੱਚ ਸੂਬੇ ਦੇ ਅੰਦਰ ਵੀ ਅਜਿਹੀ ਸਥਿਤੀ ਪੈਦਾ ਹੋਈ ਸੀ। ਸੂਬੇ ਦੇ ਅਧਿਕਾਰੀ ਪ੍ਰਬੰਧ ਕਰਨ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਆਮ ਲੋਕਾਂ ਦੇ ਨੁਕਸਾਨ ਦੀ ਭਰਪਾਈ ਲਈ ਇੱਕ ਈ-ਮੁਆਵਜ਼ਾ ਪੋਰਟਲ ਖੋਲ੍ਹਿਆ ਹੈ, ਜਿਸ 'ਤੇ ਆਮ ਲੋਕ ਰਜਿਸਟਰੇਸ਼ਨ ਕਰਵਾ ਸਕਦੇ ਹਨ। ਪਾਣੀ ਹੌਲੀ-ਹੌਲੀ ਘੱਟ ਜਾਵੇਗਾ ਅਤੇ ਸੂਬੇ ਵਿੱਚ ਸਥਿਤੀ ਆਮ ਹੋ ਜਾਵੇਗੀ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਕਿਹਾ ਕਿ ਹੜ੍ਹ ਰਾਹਤ ਲਈ ਕੀਤੇ ਗਏ ਸਾਰੇ ਨਹਿਰਾਂ, ਨਦੀਆਂ, ਨਾਲਿਆਂ ਅਤੇ ਪ੍ਰਬੰਧਾਂ ਦੀ ਸਫਾਈ ਕੀਤੀ ਗਈ ਹੈ। ਇਸ ਵਾਰ ਪਹਾੜਾਂ ਤੋਂ ਪਾਣੀ ਆਉਣ ਕਾਰਨ ਸਥਿਤੀ ਹੋਰ ਵੀ ਵਿਗੜ ਗਈ ਹੈ। ਇਹ ਮੰਦਭਾਗਾ ਹੈ ਕਿ ਵਿਰੋਧੀ ਧਿਰ ਅਜਿਹੀ ਆਫ਼ਤ ਵਾਲੀ ਸਥਿਤੀ ਵਿੱਚ ਰਾਜਨੀਤੀ ਕਰ ਰਹੀ ਹੈ। ਇਸ ਸਥਿਤੀ ਵਿੱਚ ਵਿਰੋਧੀ ਧਿਰ ਨੂੰ ਸਰਕਾਰ ਨੂੰ ਸੁਝਾਅ ਅਤੇ ਸਮਰਥਨ ਦੇਣਾ ਚਾਹੀਦਾ ਹੈ। ਉਨ੍ਹਾਂ ਜਨਤਾ ਨੂੰ ਸੇਮ ਦੀ ਆਫ਼ਤ ਵਿੱਚ ਸੂਬੇ ਦੇ ਨਾਗਰਿਕਾਂ ਦਾ ਸਾਥ ਦੇਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮਾਰਕੰਡਾ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਮਾਰਕੰਡਾ ਵਿੱਚ 25000 ਕਿਊਸਿਕ ਪਾਣੀ ਦੀ ਸਮਰੱਥਾ ਹੈ। ਇਸ ਵਾਰ ਲਗਭਗ 40,000 ਕਿਊਸਿਕ ਪਾਣੀ ਪਹੁੰਚ ਗਿਆ ਹੈ, ਜੋ ਓਵਰਫਲੋ ਹੋ ਰਿਹਾ ਹੈ ਅਤੇ ਖੇਤਾਂ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਪਾਣੀ ਭਰ ਰਿਹਾ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਜੇਪੀ ਨੱਡਾ ਖੁਦ ਉੱਤਰੀ ਭਾਰਤ ਵਿੱਚ ਪਾਣੀ ਪ੍ਰਭਾਵਿਤ ਰਾਜਾਂ ਦੀ ਨਿਗਰਾਨੀ ਕਰ ਰਹੇ ਹਨ। ਕੇਂਦਰ ਵੱਲੋਂ ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਬਾਰੇ ਵਿਸ਼ੇਸ਼ ਨਿਰਦੇਸ਼ ਦਿੱਤੇ ਗਏ ਹਨ। ਪੰਜਾਬ ਹਰਿਆਣਾ ਨਾਲੋਂ ਹੜ੍ਹਾਂ ਤੋਂ ਜ਼ਿਆਦਾ ਪ੍ਰਭਾਵਿਤ ਹੋਇਆ ਹੈ। ਹਰਿਆਣਾ ਨੂੰ ਕੇਂਦਰ ਤੋਂ ਪੰਜਾਬ ਦੀ ਮਦਦ ਕਰਨ ਦੇ ਹੁਕਮ ਮਿਲੇ ਹਨ। ਇਸ ਦੇ ਜਵਾਬ ਵਿੱਚ, ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪੰਜਾਬ ਦੇ ਵੱਖ-ਵੱਖ ਸਥਾਨਾਂ 'ਤੇ ਸਹਾਇਤਾ ਭੇਜੀ ਜਾ ਰਹੀ ਹੈ। ਹਰਿਆਣਾ ਤੋਂ ਪੰਜਾਬ ਨੂੰ ਜਾਨਵਰਾਂ ਲਈ ਭੋਜਨ, ਪਾਣੀ ਅਤੇ ਚਾਰਾ ਭੇਜਿਆ ਜਾ ਰਿਹਾ ਹੈ। ਇਸ ਮੌਕੇ 'ਤੇ ਮੁੱਖ ਮੰਤਰੀ ਦੇ ਰਾਜਨੀਤਿਕ ਸਲਾਹਕਾਰ ਭਾਰਤ ਭੂਸ਼ਣ ਭਾਰਤੀ, ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ, ਪੁਲਿਸ ਸੁਪਰਡੈਂਟ ਨਿਤੀਸ਼ ਅਗਰਵਾਲ, ਜ਼ਿਲ੍ਹਾ ਪ੍ਰਧਾਨ ਤੇਜੇਂਦਰ ਸਿੰਘ ਗੋਲਡੀ, ਭਾਜਪਾ ਆਗੂ ਜੈ ਭਗਵਾਨ ਸ਼ਰਮਾ ਡੀਡੀ, ਸੁਭਾਸ਼ ਕਲਸਾਨਾ, ਚੇਅਰਮੈਨ ਧਰਮਵੀਰ ਮਿਰਜ਼ਾਪੁਰ, ਚੇਅਰਮੈਨ ਧਰਮਵੀਰ ਡਾਗਰ, ਮੀਡੀਆ ਕੋਆਰਡੀਨੇਟਰ ਤੁਸ਼ਾਰ ਸੈਣੀ ਅਤੇ ਹੋਰ ਪਤਵੰਤੇ ਮੌਜੂਦ ਸਨ।



# ਪੰਜਾਬ ਵਿੱਚ ਆਈ ਆਫ਼ਤ ਸਿਰਫ਼ ਉਨ੍ਹਾਂ ਦਾ ਦਰਦ ਨਹੀਂ ਸਗੋਂ ਪੂਰੇ ਦੇਸ਼ ਦਾ ਦਰਦ ਹੈ: ਯੋਗੇਂਦਰ ਰਾਣਾ

### ਵਿਧਾਇਕ ਯੋਗੇਂਦਰ ਰਾਣਾ ਨੇ ਹੜ੍ਹ ਪੀੜਤਾਂ ਲਈ ਆਪਣੀ ਇੱਕ ਮਹੀਨੇ ਦੀ ਤਨਖਾਹ ਦਾਨ ਕਰਨ ਦਾ ਐਲਾਨ ਕੀਤਾ

ਅਸੰਧ, 8 ਸਤੰਬਰ (ਦਲ ਸਿੰਘ ਮਾਨ): ਭਾਜਪਾ ਸੰਗਠਨ ਦੇ ਅਧਿਕਾਰੀਆਂ ਨੇ ਗੁਆਂਢੀ ਰਾਜ ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਮਦਦ ਲਈ ਭਾਜਪਾ ਜ਼ਿਲ੍ਹਾ ਦਫ਼ਤਰ ਕਰਨ ਕਮਲ ਤੋਂ ਰਾਹਤ ਸਮੱਗਰੀ ਲੈ ਕੇ ਜਾਣ ਵਾਲੇ ਦੋ ਵਾਹਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਭੋਜਨ ਕਿੱਟਾਂ ਤੋਂ ਇਲਾਵਾ ਭੇਜੀ ਗਈ ਰਾਹਤ ਸਮੱਗਰੀ ਵਿੱਚ ਦਵਾਈਆਂ, ਭਾਂਡੇ, ਕੱਪੜੇ, ਬਿਸਤਰੇ ਅਤੇ ਹੋਰ ਸਮਾਨ ਸ਼ਾਮਲ ਹੈ। ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ, ਅਸੰਧ ਦੇ ਵਿਧਾਇਕ ਯੋਗੇਂਦਰ ਰਾਣਾ, ਕਰਨਾਲ ਦੇ ਵਿਧਾਇਕ ਜਗ ਮੋਹਨ ਆਨੰਦ, ਮੇਅਰ ਰੇਣੂ ਬਾਲ ਗੁਪਤਾ ਅਤੇ ਹੋਰ ਭਾਜਪਾ ਅਧਿਕਾਰੀ ਅਤੇ ਵਰਕਰ ਮੌਜੂਦ ਸਨ। ਇਸ ਮੌਕੇ ਵਿਧਾਇਕ ਯੋਗੇਂਦਰ ਰਾਣਾ ਨੇ ਇੱਕ ਵਿਲੱਖਣ ਪਹਿਲ ਕੀਤੀ। ਵਿਧਾਇਕ ਨੇ ਪੀੜਤਾਂ ਦੀ ਮਦਦ ਲਈ ਆਪਣੀ ਇੱਕ ਮਹੀਨੇ ਦੀ ਤਨਖਾਹ ਮੁੱਖ ਮੰਤਰੀ ਰਾਹਤ ਫੰਡ ਵਿੱਚ ਦਾਨ ਕਰਨ ਦਾ ਫੈਸਲਾ ਕੀਤਾ। ਵਿਧਾਇਕ ਨੇ ਸਮਾਜਿਕ ਸੰਗਠਨਾਂ ਨੂੰ ਰਾਹਤ ਕਾਰਜਾਂ ਵਿੱਚ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ। ਵਿਧਾਇਕ ਨੇ ਕਿਹਾ ਕਿ ਮੁਸ਼ਕਲ ਹਾਲਾਤਾਂ ਵਿੱਚ ਭਾਜਪਾ ਸੰਗਠਨ ਪੂਰੀ ਤਿਆਰੀ ਨਾਲ ਖੜ੍ਹਾ ਹੈ। ਭਾਰਤੀ ਜਨਤਾ ਪਾਰਟੀ ਦਾ ਸੰਸਕਾਰ ਵਸੁਧੈਵ ਕੁਟੁੰਬਕਮ ਹੈ, ਯਾਨੀ ਕਿ ਪੂਰਾ ਸੰਸਾਰ ਇੱਕ ਪਰਿਵਾਰ ਹੈ, ਅਤੇ ਪੰਜਾਬ ਸਾਡਾ ਪਰਿਵਾਰ ਹੈ ਅਤੇ ਇਸ ਦੁੱਖ ਦੀ ਘੜੀ ਵਿੱਚ ਇੱਕ ਪਰਿਵਾਰ ਦੂਜੇ ਪਰਿਵਾਰ ਦੀ ਮਦਦ ਲਈ ਮਜ਼ਬੂਤੀ ਨਾਲ ਖੜ੍ਹਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ 'ਤੇ ਆਈ ਇਹ ਆਫ਼ਤ ਸਿਰਫ਼ ਉਨ੍ਹਾਂ ਦਾ ਦਰਦ ਨਹੀਂ, ਸਗੋਂ ਪੂਰੇ ਦੇਸ਼ ਦਾ ਦਰਦ ਹੈ। ਇਸ ਸੰਕਟ ਵਿੱਚ ਪੰਜਾਬ ਇਕੱਲਾ ਨਹੀਂ ਹੈ, ਹਰਿਆਣਾ ਦੇ ਲੋਕ ਉਨ੍ਹਾਂ ਦੇ ਨਾਲ ਖੜ੍ਹੇ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ ਨੇ ਕਿਹਾ ਕਿ ਹਰਿਆਣਾ ਨੇ ਹਮੇਸ਼ਾ ਸੇਵਾ ਅਤੇ ਸਹਿਯੋਗ ਦੀ ਭਾਵਨਾ ਨਾਲ ਕੰਮ ਕੀਤਾ ਹੈ। ਇਸ ਮੌਕੇ ਉਨ੍ਹਾਂ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਆਫ਼ਤ ਦੀ ਇਸ ਘੜੀ ਵਿੱਚ ਸਾਰਿਆਂ ਨੂੰ ਇੱਕਜੁੱਟ ਹੋ ਕੇ ਦੇਸ਼ ਵਾਸੀਆਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਕਰਨਾਲ ਦੇ ਵਿਧਾਇਕ ਜਗਮੋਹਨ ਆਨੰਦ ਅਤੇ ਮੇਅਰ ਰੇਣੂ ਬਾਲਾ ਨੇ ਕਿਹਾ ਕਿ ਇਸ ਔਖੇ ਸਮੇਂ ਵਿੱਚ ਸਾਰਿਆਂ ਨੂੰ ਆਪਣੇ ਗੁਆਂਢੀ ਰਾਜ ਪੰਜਾਬ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਜਗਮੋਹਨ ਆਨੰਦ ਨੇ ਕਿਹਾ ਕਿ ਹਰਿਆਣਾ ਸਰਕਾਰ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਖਾਣ-ਪੀਣ ਦੀਆਂ ਚੀਜ਼ਾਂ ਪਹੁੰਚਾਉਣ ਲਈ ਵੀ ਕੰਮ ਕਰ ਰਹੀ ਹੈ। ਸਰਕਾਰ ਦੀ ਇਸ ਪਹਿਲਕਦਮੀ ਨੇ ਦੋਵਾਂ ਰਾਜਾਂ ਵਿਚਕਾਰ ਏਕਤਾ ਦਾ ਸੰਦੇਸ਼ ਦਿੱਤਾ ਹੈ ਅਤੇ ਹਰਿਆਣਾ ਦੇ ਲੋਕ ਵੀ ਇਸ ਨੇਕ ਕੰਮ ਵਿੱਚ ਬਹੁਤ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ।



# ਕੇਂਦਰੀ ਮੰਤਰੀ ਨਿਤਿਨ ਗਡਕਰੀ ਦੁਆਰਾ ਅਸ਼ੋਕ ਲੇਲੈਂਡ ਨੂੰ 69339 ਰੋਡ ਸੇਫਟੀ ਅਵਾਰਡ ਨਾਲ ਸਨਮਾਨਿਤ ਕੀਤਾ

### ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ IDTR ਕੈਥਲ ਦੇ ਯਤਨਾਂ ਦੀ ਸ਼ਲਾਘਾ ਕੀਤੀ

ਕੈਥਲ, 8 ਸਤੰਬਰ (ਪ੍ਰਵੇਸ਼ ਬਹਾਦੁਰ): ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ (69339) ਦੁਆਰਾ ਆਯੋਜਿਤ 7ਵੇਂ ਰੋਡ ਸੇਫਟੀ ਅਵਾਰਡ ਅਤੇ ਸੈਮੀਨਾਰ ਵਿੱਚ ਅਸ਼ੋਕ ਲੇਲੈਂਡ ਨੂੰ ਐਕਸੀਲੈਂਸ ਇਨ ਐਜੂਕੇਸ਼ਨ ਸ਼੍ਰੇਣੀ ਵਿੱਚ ਪਹਿਲਾ ਇਨਾਮ ਮਿਲਿਆ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਹ ਪੁਰਸਕਾਰ ਪੇਸ਼ ਕੀਤਾ। ਇਹ ਪੁਰਸਕਾਰ ਡਰਾਈਵਰ ਸਿਖਲਾਈ ਅਤੇ ਸੜਕ ਸੁਰੱਖਿਆ ਜਾਗਰੂਕਤਾ ਵਿੱਚ ਸ਼ਾਨਦਾਰ ਯੋਗਦਾਨ ਲਈ ਦਿੱਤਾ ਗਿਆ। ਇਹ ਪ੍ਰੋਗਰਾਮ ਵੀਰਵਾਰ ਨੂੰ ਦਿੱਲੀ ਵਿੱਚ ਆਯੋਜਿਤ ਕੀਤਾ ਗਿਆ ਸੀ। ਇੰਸਟੀਚਿਊਟ ਆਫ ਡਰਾਈਵਿੰਗ ਟ੍ਰੇਨਿੰਗ ਐਂਡ ਰਿਸਰਚ ਕੈਥਲ ਨੇ ਇਸ ਪ੍ਰਾਪਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਡੀਸੀ ਪ੍ਰੀਤੀ ਦੀ ਅਗਵਾਈ ਹੇਠ, IDTR ਕੈਥਲ ਨੇ ਸੜਕ ਸੁਰੱਖਿਆ ਅਤੇ ਨਸ਼ਾ ਛੁਡਾਊ ਲਈ ਲਗਾਤਾਰ ਜਾਗਰੂਕਤਾ ਮੁਹਿੰਮਾਂ ਚਲਾਈਆਂ ਹਨ। ਇਨ੍ਹਾਂ ਵਿੱਚ ਪੁਲਿਸ ਅਤੇ ਸਿਹਤ ਵਿਭਾਗਾਂ ਦੇ ਸਹਿਯੋਗ ਨਾਲ ਨਸ਼ਾ ਛੁਡਾਊ ਜਾਗਰੂਕਤਾ ਪ੍ਰੋਗਰਾਮ, ਹੁਨਰ-ਅਧਾਰਤ ਡਰਾਈਵਰ ਸਿਖਲਾਈ ਅਤੇ ਸੜਕ ਸੁਰੱਖਿਆ ਵਰਕਸ਼ਾਪਾਂ ਸ਼ਾਮਲ ਹਨ। ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਗਿਰੀਸ਼ ਕੁਮਾਰ ਨੇ ਕਿਹਾ ਕਿ ਇਹ ਸਨਮਾਨ ਕੈਥਲ ਜ਼ਿਲ੍ਹੇ ਅਤੇ ਆਈਡੀਟੀਆਰ ਕੈਥਲ ਦੇ ਸਮਰਪਣ ਦਾ ਸਬੂਤ ਹੈ। ਆਈਡੀਟੀਆਰ ਕੈਥਲ ਦੇ ਪ੍ਰਿੰਸੀਪਲ ਸਮੀਰ ਸੈਣੀ ਨੇ ਕਿਹਾ ਕਿ ਆਈਡੀਟੀਆਰ ਕੈਥਲ ਨੇ ਸੈਂਕੜੇ ਡਰਾਈਵਰਾਂ ਨੂੰ ਸੁਰੱਖਿਅਤ ਅਤੇ ਜ਼ਿੰਮੇਵਾਰ ਡਰਾਈਵਿੰਗ ਦੀ ਸਿਖਲਾਈ ਦੇ ਕੇ ਸੜਕ ਹਾਦਸਿਆਂ ਨੂੰ ਘਟਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸੰਸਥਾ ਦੇ ਯਤਨਾਂ ਨੇ ਨਾ ਸਿਰਫ਼ ਡਰਾਈਵਰਾਂ ਵਿੱਚ ਜਾਗਰੂਕਤਾ ਵਧਾਈ ਹੈ, ਸਗੋਂ ਜ਼ਿਲ੍ਹੇ ਦਾ ਨਾਮ ਰਾਸ਼ਟਰੀ ਪੱਧਰ 'ਤੇ ਵੀ ਰੌਸ਼ਨ ਕੀਤਾ ਹੈ। ਸਮਾਗਮ ਵਿੱਚ ਅਸ਼ੋਕ ਲੇਲੈਂਡ ਅਤੇ ਆਈਡੀਟੀਆਰ ਕੈਥਲ ਦੀ ਟੀਮ ਮੌਜੂਦ ਸੀ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਸ਼ਾਮਲ ਹੋਏ।

# ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨਾਲ ਜੁੜੇ ਰਹਿ ਕੇ ਹੀ ਨਵੀਂ ਪੀੜ੍ਹੀ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕੇਗੀ: ਹਰਵਿੰਦਰ ਕਲਿਆਣ

### ➤ ਸਿੱਖਿਆ ਦੇ ਨਾਲ-ਨਾਲ ਬੱਚਿਆਂ ਵਿੱਚ ਸੇਵਾ, ਸਬਰ ਅਤੇ ਮਿਹਨਤ ਦੀ ਭਾਵਨਾ ਹੋਣਾ ਸਭ ਤੋਂ ਜ਼ਰੂਰੀ ਹੈ



ਸੋਨੀਪਤ, 8 ਸਤੰਬਰ (ਵਿਨੋਦ): ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਵਿੰਦਰ ਕਲਿਆਣ ਨੇ ਕਿਹਾ ਕਿ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਦੇ ਟੀਚੇ ਵਿੱਚ ਹਰੇਕ ਨਾਗਰਿਕ ਦਾ ਯੋਗਦਾਨ ਜ਼ਰੂਰੀ ਹੈ। ਜਿੱਥੇ ਇੱਕ ਪਾਸੇ ਵਿਕਾਸ ਕਾਰਜਾਂ ਦੀ ਲੋੜ ਹੈ, ਉੱਥੇ ਆਉਣ ਵਾਲੀ ਪੀੜ੍ਹੀ ਨੂੰ ਚੰਗੀਆਂ ਕਦਰਾਂ-ਕੀਮਤਾਂ ਨਾਲ ਜੋੜਨਾ ਵੀ ਓਨਾ ਹੀ ਜ਼ਰੂਰੀ ਹੈ। ਭਾਰਤ ਵਿਕਾਸ ਪ੍ਰੀਸ਼ਦ ਨੇ 63ਵੇਂ ਸਥਾਪਨਾ ਦਿਵਸ 'ਤੇ ਸ਼ਿਵ ਸਿੱਖਿਆ ਸਦਨ ਸਕੂਲ ਵਿਖੇ ਗੁਰੂ ਵੰਦਨ-ਵਿਦਿਆਰਥੀ ਅਭਿਨੰਦਨ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿੱਚ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਵਿੰਦਰ ਕਲਿਆਣ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਦੀਪ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਭਾਰਤ ਵਿਕਾਸ ਪ੍ਰੀਸ਼ਦ ਦੁਆਰਾ ਆਯੋਜਿਤ 'ਗੁਰੂ ਵੰਦਨ-ਵਿਦਿਆਰਥੀ ਅਭਿਨੰਦਨ ਪ੍ਰੋਗਰਾਮ' ਦੇ ਸਫਲ ਆਯੋਜਨ ਦੀ ਪ੍ਰਸ਼ੰਸਾ ਕੀਤੀ ਅਤੇ ਭਾਰਤ ਵਿਕਾਸ ਪ੍ਰੀਸ਼ਦ ਦੀ ਟੀਮ ਨੂੰ ਵਧਾਈ ਦਿੱਤੀ। ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਆਯੋਜਿਤ ਵੱਖ-ਵੱਖ ਮੁਕਾਬਲਿਆਂ ਵਿੱਚ ਜਿੱਤਣ ਵਾਲੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਅਤੇ ਅਧਿਆਪਕਾਂ ਨੂੰ ਸਨਮਾਨਿਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਜਦੋਂ ਕਿਸੇ ਵਿਅਕਤੀ ਨੂੰ ਸਨਮਾਨਿਤ ਕੀਤਾ ਜਾਂਦਾ ਹੈ, ਤਾਂ ਉਸਦਾ ਉਤਸ਼ਾਹ ਵਧਦਾ ਹੈ ਅਤੇ ਉਹ ਸਮਾਜ ਲਈ ਪ੍ਰੇਰਨਾ ਸਰੋਤ ਬਣ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਡੀ ਨੌਜਵਾਨ ਪੀੜ੍ਹੀ ਆਪਣੇ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨਾਲ ਜੁੜੀ ਰਹੇ ਅਤੇ ਆਧੁਨਿਕ ਤਕਨਾਲੋਜੀ ਦੀ ਸਹੀ ਵਰਤੋਂ ਕਰਕੇ ਅੱਗੇ ਵਧੇ, ਤਾਂ ਉਹ ਹਰ ਚੁਣੌਤੀ ਦਾ ਸਾਹਮਣਾ ਕਰਨ ਦੇ ਯੋਗ ਹੋਣਗੇ। ਇਹ ਅਜਿਹੀ ਪੀੜ੍ਹੀ ਹੋਵੇਗੀ, ਜੋ ਸੱਭਿਆਚਾਰ ਦੀਆਂ ਜੜ੍ਹਾਂ ਤੋਂ ਆਪਣੇ ਆਪ ਨੂੰ ਪਾਲੇਗੀ ਅਤੇ ਸਮਾਜ ਨੂੰ ਇੱਕ ਵੱਡੇ ਰੁੱਖ ਵਾਂਗ ਨਵੀਂ ਦਿਸ਼ਾ ਦੇਵੇਗੀ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਬੱਚਿਆਂ ਵਿੱਚ ਸੇਵਾ, ਸਬਰ ਅਤੇ ਮਿਹਨਤ ਦੀ ਭਾਵਨਾ ਹੋਣੀ ਵੀ ਜ਼ਰੂਰੀ ਹੈ।

ਸਮਾਜ ਨੂੰ ਸਮੇਂ-ਸਮੇਂ 'ਤੇ ਕੁਦਰਤੀ ਆਫ਼ਤਾਂ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲ ਹੀ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਕਰਨਾ ਸਿਰਫ਼ ਸਰਕਾਰ ਦੀ ਹੀ ਨਹੀਂ ਸਗੋਂ ਸਮਾਜ ਦੇ ਹਰ ਵਰਗ ਦੀ ਜ਼ਿੰਮੇਵਾਰੀ ਹੈ। ਇਹ ਉਦੋਂ ਹੀ ਸੰਭਵ ਹੈ ਜਦੋਂ ਸਾਡੇ ਅੰਦਰ ਸੇਵਾ ਦੀ ਭਾਵਨਾ ਜਾਗਦੀ ਹੈ ਅਤੇ ਅਸੀਂ ਆਪਣੇ ਮਹਾਨ ਸੱਭਿਆਚਾਰ ਨਾਲ ਜੁੜੇ ਰਹਿੰਦੇ ਹਾਂ। ਉਨ੍ਹਾਂ ਕਿਹਾ ਕਿ ਜੇਕਰ ਬੱਚੇ ਸੇਵਾ ਅਤੇ ਸਬਰ ਦੀ ਭਾਵਨਾ ਨਾਲ ਮਿਹਨਤ ਕਰਕੇ ਅੱਗੇ ਵਧਦੇ ਹਨ, ਤਾਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚ ਸਫਲ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਇਸ ਮੌਕੇ ਭਾਜਪਾ ਦੇ ਸਾਬਕਾ ਕੌਮੀ ਮੀਤ ਪ੍ਰਧਾਨ ਸ਼ਿਆਮ ਜਾਜੂ, ਸੀਨੀਅਰ ਭਾਜਪਾ ਆਗੂ ਆਜ਼ਾਦ ਨਹਿਰਾ, ਰਵਿੰਦਰ ਦਿਲਾਵਰ, ਭਾਰਤ ਵਿਕਾਸ ਪ੍ਰੀਸ਼ਦ ਸੋਨੀਪਤ ਸ਼ਾਖਾ ਦੇ ਸੀਨੀਅਰ ਮੈਂਬਰ ਨੀਰਜ ਸ਼ਰਮਾ, ਡਾ: ਨਿਖਿਲ ਗੁਪਤਾ, ਸੋਨੀਪਤ ਸ਼ਾਖਾ ਦੇ ਪ੍ਰਧਾਨ ਡਾ: ਦਕਸ਼ ਗੁਪਤਾ, ਹਾਈਵੇ ਸ਼ਾਖਾ ਦੇ ਪ੍ਰਧਾਨ ਸ਼ਿਵ ਸਕਸੈਨਾ, ਪ੍ਰਬੁੱਧ ਸ਼ਾਖਾ ਦੇ ਪ੍ਰਧਾਨ ਮੋਹਿਤ ਭਟਨਾਗਰ, ਰਾਸ਼ਟਰੀ ਸ਼ਾਖਾ ਦੇ ਪ੍ਰਧਾਨ ਅਰੁਣ ਸ਼ਰਮਾ, ਅਰੁਣ ਸ਼ਰਮਾ ਸਰਗਰਮੀ ਮੈਂਬਰ, ਸੋਨੀਪਤ ਸ਼ਾਖਾ ਦੇ ਪ੍ਰਧਾਨ ਡਾ. ਰਚਨਾ ਗੁਪਤਾ, ਰਾਜੀਵ ਗੁਪਤਾ, ਭਗਵਾਨ ਗੁਪਤਾ, ਸੰਜੀਵ ਸਰਦਾਨਾ, ਪੰਕਜ ਰਾਜਾਵਤ, ਯੋਗੇਸ਼ ਜੈਨ, ਰਾਜੇਸ਼ ਗੁਪਤਾ, ਡਾ.ਆਰ.ਕੇ.ਗੁਪਤਾ, ਸ਼ਾਰਦਾ ਗੀਲਨ, ਸ਼ਿਵ ਸਿੱਖਿਆ ਸਦਨ ਦੇ ਡਾਇਰੈਕਟਰ ਵਰਿੰਦਰ ਬਾਂਸਲ, ਵਿਸ਼ਵਨਾਥ ਗੌਤਮ, ਅਸ਼ੀਸ਼ ਅਗਰਵਾਲ, ਚੰਦਾ ਗੁਪਤਾ ਅਤੇ ਹੋਰ ਵੀ ਕਈ ਦਿੱਗਜ ਹਾਜ਼ਰ ਸਨ।

# ਮੋਰਨੀ ਵਿੱਚ ਪਾਣੀ ਦਾ ਸੰਕਟ ਡੂੰਘਾ, ਔਰਤਾਂ ਨੇ ਜਨ ਸਿਹਤ ਵਿਭਾਗ ਦੇ ਦਫ਼ਤਰ ਨੂੰ ਲਾਇਆ ਤਾਲਾ



ਮੋਰਨੀ, 8 ਸਤੰਬਰ (ਅਰੁਣ ਵਰਮਾ) : ਮੋਰਨੀ ਇਲਾਕੇ ਵਿਚ ਪਾਣੀ ਦੀ ਸਮੱਸਿਆ ਦਿਨੋਂ-ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਅੱਜ ਪਿੰਡਾਂ ਵਿੱਚ ਇੱਕ ਹਫ਼ਤੇ ਤੋਂ ਵੱਧ ਸਮੇਂ ਤੋਂ ਪਾਣੀ ਦੀ ਉਪਲਬਧਤਾ ਨਾ ਹੋਣ ਤੋਂ ਤੰਗ ਆ ਕੇ ਪੇਂਡੂ ਔਰਤਾਂ ਦਾ ਗੁੱਸਾ ਭੜਕ ਉੱਠਿਆ। ਗੁੱਸੇ ਵਿੱਚ ਆਈਆਂ ਔਰਤਾਂ ਨੇ ਜਨ ਸਿਹਤ ਵਿਭਾਗ ਦੇ ਦਫ਼ਤਰ ਨੂੰ ਤਾਲਾ ਲਗਾ ਦਿੱਤਾ ਅਤੇ ਵਿਭਾਗ ਵਿਰੁੱਧ ਸਖ਼ਤ ਰੋਸ ਪ੍ਰਗਟ ਕੀਤਾ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਮੋਰਨੀ ਵਿੱਚ ਪਿਛਲੇ ਸੱਤ-ਅੱਠ ਦਿਨਾਂ ਤੋਂ ਪਾਣੀ ਨਹੀਂ ਆਇਆ ਹੈ, ਜਿਸ ਕਾਰਨ ਲੋਕ ਪਾਣੀ ਦੀ ਇੱਕ ਬੂੰਦ ਲਈ ਘਰ-ਘਰ ਭਟਕ ਰਹੇ ਹਨ। ਸਥਾਨਕ ਔਰਤਾਂ ਦਾ ਦੋਸ਼ ਹੈ ਕਿ ਉਹ ਲਗਾਤਾਰ ਜਨ ਸਿਹਤ ਵਿਭਾਗ ਦੇ ਦਫ਼ਤਰ ਜਾ ਕੇ ਅਧਿਕਾਰੀਆਂ ਨੂੰ ਪਾਣੀ ਦੀ ਸਪਲਾਈ ਬਹਾਲ ਕਰਨ ਲਈ ਬੇਨਤੀਆਂ ਕਰ ਰਹੀਆਂ ਸਨ, ਪਰ ਵਿਭਾਗ ਹਰ ਵਾਰ, ਅੱਜ-ਕੱਲ੍ਹ ਬਹਾਨੇ ਬਣਾਉਂਦਾ ਰਿਹਾ।

ਅੱਜ ਜਦੋਂ ਸਥਿਤੀ ਕਾਬੂ ਤੋਂ ਬਾਹਰ ਹੋ ਗਈ ਤਾਂ ਔਰਤਾਂ ਦਾ ਸਬਰ ਟੁੱਟ ਗਿਆ ਅਤੇ ਉਨ੍ਹਾਂ ਨੂੰ ਦਫ਼ਤਰ ਨੂੰ ਤਾਲਾ ਲਗਾਉਣ ਲਈ ਮਜਬੂਰ ਹੋਣਾ ਪਿਆ। ਪਿੰਡ ਵਾਸੀ ਸਤੀਸ਼ ਸ਼ਰਮਾ, ਸ਼੍ਰੀਕਾਂਤ, ਸ਼ਾਲੂ, ਰੇਖਾ ਦੇਵੀ, ਸੁਮਿੱਤਰਾ ਦੇਵੀ, ਅੰਜੂ, ਮਨੀਸ਼ਾ, ਜੋਗਿੰਦਰ ਪਾਲ, ਨੂਤਨ ਅਤੇ ਹੋਰਨਾਂ ਨੇ ਕਿਹਾ ਕਿ ਤੇਜ਼ ਗਰਮੀ ਵਿੱਚ ਪਾਣੀ ਨਾ ਮਿਲਣ ਕਾਰਨ ਸੈਂਕੜੇ ਪਿੰਡ ਵਾਸੀਆਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਿੰਡ ਵਾਸੀਆਂ ਨੇ ਯਾਦ ਦਿਵਾਇਆ ਕਿ ਕੁਝ ਦਿਨ ਪਹਿਲਾਂ ਲੋਕਾਂ ਨੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਸੜਕ ਜਾਮ ਕਰਕੇ ਵਿਰੋਧ ਪ੍ਰਦਰਸ਼ਨ ਕੀਤਾ ਸੀ, ਪਰ ਵਿਭਾਗ ਨੇ ਕੋਈ ਸਬਕ ਨਹੀਂ ਸਿੱਖਿਆ। ਦੂਜੇ ਪਾਸੇ, ਜਦੋਂ ਇਸ ਸਬੰਧ ਵਿੱਚ ਸੰਪਰਕ ਕੀਤਾ ਗਿਆ ਤਾਂ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਦਫ਼ਤਰ ਨੂੰ ਤਾਲਾ ਲਗਾਏ ਜਾਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਵਿਭਾਗੀ ਸੂਤਰਾਂ ਨੇ ਇਹ ਵੀ ਦੱਸਿਆ ਕਿ ਘੱਗਰ ਨਦੀ ਪੀਣ ਵਾਲੇ ਪਾਣੀ ਦੇ ਪ੍ਰੋਜੈਕਟ ਦਾ ਬਿਜਲੀ ਟਰਾਂਸਫਾਰਮਰ 29 ਅਗਸਤ ਤੋਂ ਸੜ ਗਿਆ ਹੈ, ਜਿਸ ਕਾਰਨ ਪਾਣੀ ਦੀ ਸਪਲਾਈ ਠੱਪ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਸਮੱਸਿਆ ਦਾ ਜਲਦੀ ਹੱਲ ਨਾ ਕੀਤਾ ਗਿਆ ਤਾਂ ਉਹ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ।

# ਮੇਰੇ ਪਿਆਰੇ ਦੇ ਸ਼ਬਦਾਂ ਵਿੱਚ ਸਫਲਤਾ ਦੀ ਕਹਾਣੀ, ਮੇਰੇ ਪੁੱਤਰ ਨੇ ਮੇਰੀ ਤਪੱਸਿਆ ਨੂੰ ਸਫਲ ਬਣਾਇਆ: ਸੰਤੋਸ਼



ਯਮੁਨਾਨਗਰ, 8 ਸਤੰਬਰ (ਸੰਜੀਵ ਕੁਮਾਰ): ਕਿਸੇ ਵੀ ਸਫਲਤਾ ਦੀ ਕਹਾਣੀ ਦੇ ਪਿੱਛੇ ਇੱਕ ਸੰਘਰਸ਼ ਵੀ ਹੁੰਦਾ ਹੈ ਜੋ ਕਹਾਣੀ ਨੂੰ ਦਿਲਚਸਪ ਬਣਾਉਂਦਾ ਹੈ। ਸਿਰਫ ਉਹੀ ਆਪਣੀ ਕਿਸਮਤ ਬਣਾਉਂਦੇ ਹਨ ਜੋ ਸਖ਼ਤ ਮਿਹਨਤ ਕਰਦੇ ਹਨ। ਜੇਕਰ ਤੁਸੀਂ ਜ਼ਿੰਦਗੀ ਵਿੱਚ ਅੱਗੇ ਵਧਣਾ ਚਾਹੁੰਦੇ ਹੋ ਤਾਂ ਵੱਡੀਆਂ ਸਮੱਸਿਆਵਾਂ ਨੂੰ ਹੱਲ ਕਰੋ। ਜਿਸ ਵਿੱਚ ਤੁਸੀਂ ਵਿਸ਼ਵਾਸ ਕਰਦੇ ਹੋ, ਤੁਸੀਂ ਉਹੀ ਬਣ ਜਾਂਦੇ ਹੋ। ਇਹ ਖੇੜਾ ਫਾਰਮ ਦੇ ਨਿਵਾਸੀ ਸਨਮ ਬਹਾਦਰ ਨੇ ਸਾਬਤ ਕੀਤਾ ਹੈ। ਯਮੁਨਾ ਨਗਰ ਦਾ ਇੱਕ ਹੋਨਹਾਰ ਨੌਜਵਾਨ ਸਨਮ ਕੇਂਦਰੀ ਸੂਚਨਾ ਤਕਨਾਲੋਜੀ ਖੇਤਰ ਵਿੱਚ ਸੇਵਾ ਕਰੇਗਾ। ਪ੍ਰੀਖਿਆ ਦਾ ਨਤੀਜਾ ਆਉਂਦੇ ਹੀ ਖੇੜਾ ਫਾਰਮ ਪਿੰਡ ਦੇ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਇੱਕ ਆਮ ਪਰਿਵਾਰ ਵਿੱਚ ਜਨਮੀ ਸਨਮ ਨੇ ਕਿਹਾ ਕਿ ਇਸ ਸਾਲ ਉਸਨੂੰ ਕੇਂਦਰੀ ਸੂਚਨਾ ਤਕਨਾਲੋਜੀ ਵਿੱਚ ਆਈਟੀਓ ਅਧਿਕਾਰੀ ਵਜੋਂ ਚੁਣਿਆ ਗਿਆ ਹੈ ਅਤੇ ਮੁੰਬਈ ਵਿੱਚ ਤਾਇਨਾਤ ਕੀਤਾ ਜਾਵੇਗਾ। ਪਰਿਵਾਰ ਵਿੱਚ, ਪਿਤਾ ਧਨ ਬਹਾਦਰ ਯਮੁਨਾ ਗੈਸਿਸ ਵਿੱਚ ਇੱਕ ਸੁਪਰਵਾਈਜ਼ਰ ਹਨ ਜਦੋਂ ਕਿ ਮਾਂ ਸੰਤੋਸ਼ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵਿੱਚ ਇੱਕ ਸੁਪਰਵਾਈਜ਼ਰ ਵਜੋਂ ਤਾਇਨਾਤ ਹੈ। ਇੱਕ ਛੋਟਾ ਭਰਾ ਬੀ.ਟੈਕ ਕਰ ਰਿਹਾ ਹੈ। ਸਨਮ ਕਹਿੰਦੀ ਹੈ ਕਿ ਉਸਦੇ ਪਿਤਾ ਨੇ ਉਸਨੂੰ ਹਮੇਸ਼ਾ ਪ੍ਰੀਖਿਆ ਲਈ ਉਤਸ਼ਾਹਿਤ ਕੀਤਾ, ਇੱਕ ਵਾਰ ਉਮੀਦ ਗੁਆਉਣ ਤੋਂ ਬਾਅਦ, ਉਸਨੇ ਦੁਬਾਰਾ ਪ੍ਰੀਖਿਆ ਦਿੱਤੀ ਅਤੇ ਸਫਲਤਾ ਪ੍ਰਾਪਤ ਕੀਤੀ, ਜਗਾਧਾਰੀ ਸਕੂਲ ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਉਸਨੇ 2021 ਵਿੱਚ ਆਈਆਈਟੀ ਇਲਾਹਾਬਾਦ ਤੋਂ ਬੀ.ਟੈਕ ਕੀਤੀ ਅਤੇ ਸੈਮਸੰਗ ਕੰਪਨੀ ਵਿੱਚ ਆਪਣਾ ਕਰੀਅਰ ਸ਼ੁਰੂ ਕੀਤਾ, ਇਸ ਦੇ ਨਾਲ ਹੀ ਉਸਨੇ ਪ੍ਰਤੀਯੋਗੀ ਪ੍ਰੀਖਿਆ ਲਈ ਕੋਸ਼ਿਸ਼ ਕੀਤੀ ਅਤੇ ਸਾਲ 2025 ਵਿੱਚ ਸਫਲਤਾ ਪ੍ਰਾਪਤ ਕੀਤੀ, ਆਪਣੇ ਪੁੱਤਰ ਬਾਰੇ ਗੱਲ ਕਰਦੇ ਹੋਏ, ਮਾਂ ਸੰਤੋਸ਼ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਦਿਖਾਈ ਦੇ ਰਹੇ ਹਨ, ਉਹ ਕਹਿੰਦੀ ਹੈ ਕਿ ਉਸਦੇ ਪੁੱਤਰ ਨੇ ਆਪਣੀ ਤਪੱਸਿਆ ਪੂਰੀ ਕਰ ਲਈ ਹੈ, ਇਹ ਉਸਦੇ ਪੂਰੇ ਪਰਿਵਾਰ ਲਈ ਮਾਣ ਦੀ ਗੱਲ ਹੈ, ਅੱਜ ਉਹ ਆਪਣੇ ਪੁੱਤਰ ਨਾਲ ਜਾਣ-ਪਛਾਣ ਕਰ ਰਹੀ ਹੈ, ਪੁੱਤਰ ਨੂੰ ਸਿੱਧੇ ਤੌਰ 'ਤੇ ਅਧਿਕਾਰੀ ਦਾ ਅਹੁਦਾ ਮਿਲਿਆ ਹੈ, ਭਵਿੱਖ ਦੀ ਗੱਲ 'ਤੇ, ਜਦੋਂ ਮਾਂ ਨੇ ਵਿਆਹ ਦੀ ਗੱਲ ਕੀਤੀ, ਤਾਂ ਪੁੱਤਰ ਨੇ ਸਪੱਸ਼ਟ ਕੀਤਾ ਕਿ ਹੁਣੇ ਮੈਂ ਕਰੀਅਰ 'ਤੇ ਧਿਆਨ ਦੇਵਾਂਗਾ, ਸਨਮ ਨੇ ਕਿਹਾ ਕਿ ਸਮੱਸਿਆਵਾਂ ਨੂੰ ਹੱਲ ਕਰਨਾ ਸਿੱਖਣਾ ਚਾਹੀਦਾ ਹੈ, ਸਫਲਤਾ ਜ਼ਰੂਰ ਮਿਲੇਗੀ।

## ਰੈੱਡ ਰਿਬਨ ਕਲੱਬ ਨੇ ਐੱਚਆਈਵੀ/ਏਡਜ਼ ਜਾਗਰੂਕਤਾ 'ਤੇ ਇੱਕ ਦਸਤਾਵੇਜ਼ੀ ਫਿਲਮ ਦਿਖਾਈ

ਕਾਲਕਾ, 8 ਸਤੰਬਰ (ਅਖ਼ਤਰ ਫਾਰੂਕੀ, ਅਜੀਤ ਸਿੰਘ): ਸਰਕਾਰੀ ਕਾਲਜ ਕਾਲਕਾ ਦੀ ਪ੍ਰਿੰਸੀਪਲ ਡਾ. ਗੀਤਾ ਸੁਖੀਜਾ ਦੀ ਯੋਗ ਅਗਵਾਈ ਹੇਠ, ਰੈੱਡ ਰਿਬਨ ਕਲੱਬ ਨੇ ਐੱਚਆਈਵੀ/ਏਡਜ਼ ਜਾਗਰੂਕਤਾ 'ਤੇ ਇੱਕ ਦਸਤਾਵੇਜ਼ੀ ਫਿਲਮ ਦਿਖਾਈ। ਇਸਦਾ ਉਦੇਸ਼ ਵਿਦਿਆਰਥੀਆਂ ਵਿੱਚ ਸਿਹਤ ਅਤੇ ਸਮਾਜਿਕ ਮੁੱਦਿਆਂ ਬਾਰੇ ਜਾਣਕਾਰੀ ਅਤੇ ਜਾਗਰੂਕਤਾ ਫੈਲਾਉਣਾ ਸੀ। ਸਿਰਫ਼ ਇੱਕ ਸਿਹਤਮੰਦ ਸਰੀਰ ਹੀ ਇਨਫੈਕਸ਼ਨ ਤੋਂ ਬਚ ਸਕਦਾ ਹੈ ਅਤੇ ਬਿਮਾਰੀਆਂ ਨਾਲ ਲੜ ਸਕਦਾ ਹੈ। ਇਹ ਇੰਚਾਰਜ ਸਹਾਇਕ ਪ੍ਰੋਫੈਸਰ ਸਵਾਤੀ ਅਰੋੜਾ ਅਤੇ ਮੈਂਬਰਾਂ ਸਹਾਇਕ ਪ੍ਰੋਫੈਸਰ ਨੀਤੂ, ਸਹਾਇਕ ਪ੍ਰੋਫੈਸਰ ਅਨੁ ਦਹੀਆ, ਡਾ. ਸ਼ਬਨਮ, ਡਾ. ਸੋਨੀਆ ਜੱਸਲ ਦੀ ਯੋਗ ਅਗਵਾਈ ਹੇਠ ਕੀਤਾ ਗਿਆ। ਕੁੱਲ 65 ਵਿਦਿਆਰਥੀਆਂ ਨੇ ਹਿੱਸਾ ਲਿਆ।

## ਰੋਟਰੀ ਕਲੱਬ ਕਾਲਕਾ ਹੈਰੀਟੇਜ 10 ਸਤੰਬਰ ਨੂੰ ਸਵੈ-ਇੱਛਾ ਨਾਲ ਖੂਨਦਾਨ ਕੈਂਪ ਲਗਾਏਗਾ

ਕਾਲਕਾ, 8 ਸਤੰਬਰ (ਅਖ਼ਤਰ ਫਾਰੂਕੀ, ਅਜੀਤ ਸਿੰਘ): ਰੋਟਰੀ ਕਲੱਬ ਕਾਲਕਾ ਹੈਰੀਟੇਜ 10 ਸਤੰਬਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਐਸਡੀਐਮ ਦਫ਼ਤਰ, ਕਾਲਕਾ ਵਿਖੇ ਸਵੈ-ਇੱਛਾ ਨਾਲ ਖੂਨਦਾਨ ਕੈਂਪ ਲਗਾਏਗਾ। ਹਾਲ ਹੀ ਵਿੱਚ ਆਏ ਹੜ੍ਹਾਂ ਅਤੇ ਹਾਦਸਿਆਂ ਕਾਰਨ ਬਹੁਤ ਸਾਰੇ ਲੋਕ ਜ਼ਖਮੀ ਹੋਏ ਹਨ ਅਤੇ ਬਹੁਤ ਸਾਰੇ ਮਰੀਜ਼ਾਂ ਨੂੰ ਖੂਨ ਦੀ ਸਖ਼ਤ ਜ਼ਰੂਰਤ ਹੈ। ਤੁਹਾਡੇ ਖੂਨ ਦੀ ਇੱਕ ਯੂਨਿਟ ਇੱਕ ਲੋੜਵੰਦ ਵਿਅਕਤੀ ਦੀ ਜਾਨ ਬਚਾ ਸਕਦੀ ਹੈ। ਇਹ ਵਿਸ਼ੇਸ਼ ਪਹਿਲ ਐਸਡੀਐਮ ਕਾਲਕਾ ਅਤੇ ਐਸਡੀਐਮ ਦਫ਼ਤਰ ਦੇ ਸਟਾਫ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਜਾ ਰਹੀ ਹੈ। ਖੂਨਦਾਨੀਆਂ ਨੂੰ ਬੇਨਤੀ ਹੈ ਕਿ ਉਹ ਵੱਡੀ ਗਿਣਤੀ ਵਿੱਚ ਆ ਕੇ ਖੂਨਦਾਨ ਕਰਨ ਅਤੇ ਆਪਣੇ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਵੀ ਪ੍ਰੇਰਿਤ ਕਰਨ। ਖੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ ਹੈ – ਇਹ ਜਾਨ ਬਚਾਉਣ ਦਾ ਸਭ ਤੋਂ ਆਸਾਨ ਤਰੀਕਾ ਹੈ। ਖੂਨਦਾਨ ਇੱਕ ਮਹਾਨ ਦਾਨ ਹੈ ਜਿਸਦਾ ਕੋਈ ਹੋਰ ਵਿਕਲਪ ਨਹੀਂ ਹੈ।

